
# ਮਹਾਤਮਾ ਬੁੱਧ



1740

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਮਹਾਤਮਾ ਬੁੱਧ

ਗੁਰਾਂ ਦਿੱਤਾ ਖੰਨਾ

1/8/-

Digitized by Panjab Digital Library | www.panjabdigilib.org

ਕਾਪੀ ਰਾਈਟ

ਪਹਿਲੀ ਬਾਰ
ਜੁਲਾਈ ੧੯੫੬
ਮੁਲ ਡੇਢ ਰੁਪਿਆ

ਪ੍ਰਿੰਟਰ ਤੇ ਪਬਲਿਸ਼ਰ-ਸਰਦਾਰ ਕੁਲਦੀਪ ਸਿੰਘ
ਕੁਲਦੀਪ ਈ: ਪ੍ਰੈਸ, ਕੋਰਟ ਰੋਡ, ਅੰਮ੍ਰਿਤਸਰ

Digitized by Panjab Digital Library / www.panjabdigilib.org

ਮਹਾਨ ਬੋਧ ਭਿਖੂੰ

ਭਦੰਤ

ਆਨੰਦ ਕੌਸਲਿਆਇਨ ਜੀ ਦੀ

ਸੇਵਾ ਵਿਚ

ਸਾਦਰ ਭੇਟਾ

ਗੁਰਾਂ ਦਿਤਾ ਖੰਨਾ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Foreword by—Dr. Paira Mal M. D.
L. R. C. P. etc. etc. an eminent
exponent of the Phillo-
sophy of Budha.

---

Shri Guran Ditta Khanna, a well known writer of Hindi and Punjabi, is an old friend of mine. He has written a number of ariticles and books on the life and phillosophy of Mahatma Budh. Only recently he has completed his book—the life of Mahatma Budh in Panjabi verse.

Mahatma Budh (Panjabi) is his new work, in which he has narrated the life story of Mahatma Budh and also his phillosophy in a beautiful, simple and lucid style. Such a book was badly needed in the Panjabi lanugage. In fact there is dearth of such literature in Hindi even.

Shri Khanna is himself a true Budhist and has fully grasped the phillosophy of Budha. His writings on Budha should therefore be taken as authentic.

-Paira Mall M. D.

Digitized by Panjab Digital Library | www.panjabdigilib.org

Digitized by Panjab Digital Library / www.panjabdigilib.org

# ਮੁਢਲੀ ਬੇਨਤੀ

ਮਹਾਤਮਾ ਬੁੱਧ ਦੁਨੀਆਂ ਦੇ ਮਹਾਂ ਪੁਰਖ ਹੋਏ ਹਨ। ਅਜ ਵੀ ਅੱਧੀ ਤੋਂ ਜ਼ਿਆਦਾ ਦੁਨੀਆਂ ਉਨ੍ਹਾਂ ਦੀ ਪੈਰੋਕਾਰ ਹੈ।

ਸੰਸਾਰ ਦੀ ਹਰ ਬੋਲੀ ਵਿਚ ਮਹਾਤਮਾ ਬੁੱਧ ਦੀ ਜੀਵਨ ਕਥਾ ਤੇ ਉਪਦੇਸ਼ ਮਿਲਦੇ ਹਨ। ਪੰਜਾਬੀ ਵਿਚ ਵੀ ਇਸ ਸੰਬੰਧੀ ਥੋੜਾ ਬਹੁਤ ਸਾਹਿਤ ਮਿਲਦਾ ਹੈ। ਮੈਂ ਵੀ ਕੁਝ ਲਿਖਿਆ ਹੈ। ਮੈਂ ਹਿੰਦੀ ਵਿਚ ਵੀ ਲਿਖਿਆ ਹੈ।

ਇਹ ਮੇਰੀ ਮਹਾਤਮਾ ਬੁੱਧ ਸੰਬੰਧੀ ਨਵੀਂ ਪੁਸਤਕ ਹੈ। ਇਸ ਵਿਚ ਮੈਂ ਮਹਾਤਮਾ ਬੁੱਧ ਦੀ ਜੀਵਨ-ਕਥਾ ਤੇ ਕੁਝ ਉਪਦੇਸ਼ ਦਿਤੇ ਹਨ। ਆਪਣੀ ਵਲੋਂ ਕੋਸ਼ਸ਼ ਕੀਤੀ ਹੈ, ਕੁੱਜੇ ਵਿਚ ਦਰਿਆ ਭਰਨ ਦੀ।

ਇਹ ਪੁਸਤਕ ਮੈਂ ਮਹਾਨ ਬੋਧੱ-ਵਿਦਵਾਨ, ਭਦੰਤ ਆਨੰਦ ਕੌਸਲਿਆਇਨ ਜੀ ਨੂੰ ਭੇਟ ਕੀਤੀ ਹੈ। ਖ਼ੁਸ਼ੀ ਤੇ ਫ਼ਖਰ ਦੀ ਗਲ ਹੈ ਕਿ ਆਪ ਪੰਜਾਬੀ ਹਨ ਤੇ ਮਾਤ-ਬੋਲੀ ਪੰਜਾਬੀ ਨਾਲ ਗਾੜ੍ਹਾ ਪ੍ਰੇਮ ਰਖਦੇ ਹਨ।

ਮੇਰੇ ਉਤੇ ਤਾਂ ਇਨ੍ਹਾਂ ਦੀ ਬਹੁਤ ਕਿਰਪਾ ਹੈ। ਅਸਲ ਵਿਚ ਇਹ ਇਨ੍ਹਾਂ ਦੀ ਕਿਰਪਾ ਦਾ ਹੀ ਸਦਕਾ ਹੈ ਕਿ ਮੈਂ ਅਜ ਤਕ ਮਹਾਤਮਾ ਬੁੱਧ ਸੰਬੰਧੀ ਕੁਝ ਲਿਖ ਸਕਿਆ ਹਾਂ ਤੇ ਲਿਖ ਰਿਹਾ ਹਾਂ।



Digitized by Panjab Digital Library | www.panjabdigilib.org

ਮੈਂ ਆਪਣੇ ਪੁਰਾਣੇ ਮਿੱਤਰ ਤੇ ਬੁੱਧ ਫ਼ਲਸਫ਼ੇ ਦੇ ਮਹਾਨ ਪੰਡਤ, ਡਾਕਟਰ ਪੈੜਾ ਮੱਲ ਸਾਹਿਬ ਦਾ ਬਹੁਤ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਪੁਸਤਕ ਦੀ ਭੂਮਿਕਾ ਲਿਖ ਕੇ ਇਸ ਨੂੰ ਚਾਰ ਚੰਨ ਲਗਾ ਦਿਤੇ ਹਨ।

ਮੈਂ ਆਪਣੇ ਪਿਆਰੇ ਮਿੱਤਰ, ਸਰਦਾਰ ਕੁਲਦੀਪ ਸਿੰਘ ਜੀ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਇਸ ਪੁਸਤਕ ਨੂੰ ਬੜੀਆਂ ਰੀਝਾਂ ਨਾਲ ਪਰਕਾਸ਼ਤ ਕੀਤਾ ਹੈ।

ਚੌਕ ਲੋਹਗੜ੍ਹ,
ਅੰਮ੍ਰਿਤਸਰ

ਗੁਰਾਂ ਦਿੱਤਾ ਖੰਨਾ



Digitized by Panjab Digital Library / www.panjabdigilib.org

# ਜੀਵਨ ਮਹਾਤਮਾਂ ਬੁੱਧ

## ਬੁੱਧ ਦਾ ਸਮਾਂ –

### ਧਾਰਮਕ ਹਾਲਤ

ਉਂਜ ਤਾਂ ਆਰੀਆਂ ਦੀ ਕੋਈ ਵੀ ਹਾਲਤ ਚੰਗੀ ਨਹੀਂ ਸੀ ਪਰ ਧਾਰਮਕ ਹਾਲਤ ਹੋਰ ਖ਼ਰਾਬ ਸੀ । ਸ਼ੁੱਧ-ਅਧਿਆਤਮ-ਵਾਦ ਕਰਮਕਾਂਡ ਦੇ ਕਾਲੇ ਬਦਲਾਂ ਹੇਠ ਬੁਰੀ ਤਰ੍ਹਾਂ ਲੁਕਿਆ ਪਿਆ ਸੀ । ਪਰੋਹਤ ਲੋਕਾਂ ਨੇ ਵਡੇ ਵਡੇ ਦਾਨ ਦੱਖਨਾ ਦ੍ਵਾਰਾ ਲੋਕਾਂ ਨੂੰ ਲੁੱਟਣ ਲਈ ਜੱਗਾਂ ਹਵਨਾਂ ਦਾ ਬੜਾ ਪਰਚਾਰ ਕੀਤਾ ਹੋਇਆ ਸੀ । ਕਾਸ਼ੀ, ਅਜੋਧਿਆ ਤੇ ਪ੍ਰਾਗ ਵਰਗੇ ਬੜੇ ਬੜੇ ਤੀਰਥ ਵੀ ਇਕ ਤਰ੍ਹਾਂ ਦੇ ਕਸਾਈ ਖ਼ਾਨੇ ਜਿਹੇ ਬਣੇ ਹੋਏ ਸਨ । ਨਿੱਤ ਹੀ ਸੈਂਕੜੇ ਤੇ ਹਜ਼ਾਰਾਂ ਪਸ਼ੂਆਂ ਦੇ ਸਿਰ ਹਵਨ ਕੁੰਡਾਂ ਵਿਚ ਸੜਿਆ ਕਰਦੇ ਸਨ ਤੇ ਪਸ਼ੂਆਂ ਦੇ ਖ਼ੂਨ ਨਾਲ ਧਰਤੀ ਰੰਗੀ ਜਾਂਦੀ ਸੀ। ਪਸ਼ੂ ਬਕਰੇ ਹੀ ਨਹੀਂ, ਘੋੜੇ ਵੀ ਹੁੰਦੇ ਸਨ ਤੇ ਕਦੀ-ਕਦੀ ਗਊਆਂ



Digitized by Panjab Digital Library | www.panjabdigilib.org

ਤਕ ਵੀ। ਬੁਧ ਨੇ ਖ਼ੁਦ ਇਕ ਅਜਿਹਾ ਜੱਗ ਦੇਖਿਆ ਜਿਸ ਵਿਚ ਗਊਆਂ ਕੁਰਬਾਨ ਹੋਈਆਂ।*

ਇਹੋ ਨਹੀਂ ਕਿ ਜਗ ਵਿਚ ਪਸ਼ੂ ਹੀ ਮਰਦੇ ਸਨ, ਹੋਰ ਵੀ ਕਈ ਨਿੰਦਨ-ਜੋਗ ਕੰਮ ਹੁੰਦੇ ਸਨ। ਮਨੁਖ ਤਕ ਦੀ ਵੀ ਬਲੀ ਦਿਤੀ ਜਾਂਦੀ ਸੀ।

ਨਿਸ਼ਚੇ ਹੀ ਇਸ ਸਭ ਦੀ ਉਪਜ ਅਜ ਦੀ ਨਹੀਂ, ਬਹੁਤ ਪੁਰਾਣੀ ਸੀ। ਕਹਿ ਸਕਦੇ ਹਾਂ ਆਦਿ ਕਾਲ ਦੀ ਸੀ, ਜਦੋਂ ਕਿ ਮਨੁਖ ਬਹੁਤ ਭੋਲਾ ਤੇ ਕਮਜ਼ੋਰ-ਦਿਲ ਹੁੰਦਾ ਸੀ। ਉਹ ਕੁਦਰਤ ਦੇ ਹਰ ਨਜ਼ਾਰੇ ਤੇ ਖੇਲ ਤੋਂ ਡਰਦਾ ਸੀ ਤੇ ਹਰ ਇਕ ਵਿਚ ਰੱਬੀ ਤਾਕਤ ਮਹਿਸੂਸ ਕਰਦਾ ਸੀ। ਉਸ ਦਾ ਖ਼ਿਆਲ ਸੀ, ਉਸ ਉਤੇ ਮੁਸੀਬਤਾਂ ਲਿਆਉਣ ਵਾਲੇ ਦੇਵਤੇ ਹਨ ਤੇ ਉਹ ਬੜੇ ਜ਼ਾਲਮ ਤੇ ਬੇ-ਰਹਿਮ ਹਨ, ਕ੍ਰੋਧੀ ਤੇ ਈਰਖੀ ਹਨ। ਉਹ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਭੇਟਾ ਦੇ ਕੇ ਖ਼ੁਸ਼ ਕਰਨ ਦੀ ਕੋਸ਼ਸ਼ ਕਰਦਾ ਸੀ।

ਅਜ ਦਾ ਵਾਧਾ ਇਹ ਸੀ ਕਿ ਇਹ ਚੀਜ਼ ਬਹੁਤ ਖ਼ਤਰਨਾਕ ਅਵਸਥਾ ਨੂੰ ਪਹੁੰਚੀ ਹੋਈ ਸੀ ਤੇ ਸਵਾਏ ਪਰੋਹਤਾਂ ਦੇ ਹਰ ਕੋਈ ਦੁਖੀ ਤੇ ਦਿਲਗੀਰ ਸੀ।

ਦੂਸਰੇ ਲਫ਼ਜ਼ਾਂ ਵਿਚ ਧਰਮ ਦੇ ਨਾਂ ਤੇ ਅਤਿਆਚਾਰ ਤੇ ਸ਼ੋਸ਼ਨ ਬੜੇ ਜ਼ੋਰਾਂ ਤੇ ਸੀ ਤੇ ਦੇਸ਼ ਦੀ ਦੌਲਤ ਬਹੁਤਿਆਂ ਦੇ ਹਥੋਂ ਨਿਕਲ ਕੇ ਥੋੜਿਆਂ ਦੇ ਹਥ ਜਾ ਰਹੀ ਸੀ ਤੇ ਦੇਸ਼ ਵਿਚ ਕੰਗਾਲੀ ਵਧ ਰਹੀ ਸੀ।

---

*ਵੇਖੋ ਬੁੱਧ ਦੇ ਸਾਰੇ ਉਪਦੇਸ਼ਾਂ ਦੇ ਸੰਗ੍ਰਹਿ ਗ੍ਰੰਥ ਤ੍ਰਿਪਟਿਕ ਵਿਚ ਬ੍ਰਾਹਮਣ ਧਮੀਆਂ ਸੁੱਤ।



Digitized by Panjab Digital Library | www.panjabdigilib.org

## ਸਮਾਜਕ ਦਸ਼ਾ

ਹੁਣ ਆਰੀਆਂ ਵਿਚ ਉਹ ਪਹਿਲੇ ਵਾਲੀਆਂ ਗਲਾਂ ਨਹੀਂ ਸਨ ਰਹੀਆਂ। ਬੜਾ ਫ਼ਰਕ ਆ ਗਿਆ ਸੀ। ਵਰਣ ਵਿਵਸਥਾ ਬੜੀ ਸਖ਼ਤ ਸੀ ਤੇ ਛੂਆ ਛੂਤ ਦਾ ਬੜਾ ਜ਼ੋਰ ਸੀ। ਵਿਆਹ ਸ਼ਾਦੀਆਂ ਆਮ ਤੌਰ ਤੇ ਆਪਣੀ ਜਾਤ ਬਰਾਦਰੀ ਵਿਚ ਹੀ ਹੁੰਦੀਆਂ ਸਨ ਪਰ ਕਦੇ ਕਦੇ ਇਸ ਦੇ ਉਲਟ ਵੀ ਹੋ ਜਾਇਆ ਕਰਦਾ ਸੀ। ਕੋਸ਼ਲ ਦੇਸ਼ ਦੇ ਰਾਜਾ ਨੇ ਸ਼੍ਰਾਵਸਤੀ ਨਾਂ ਦੇ ਨਗਰ ਦੇ ਇਕ ਮਾਲੀ ਦੀ ਕੁੜੀ ਮਲਕਾਂ ਨਾਲ ਵਿਆਹ ਕਰ ਲਿਆ। ਮਲਕਾਂ 'ਨੀਚ ਜਾਤ' ਦੀ ਸੀ ਤੇ ਰਾਜਾ 'ਉਚੀ ਜਾਤ' ਦਾ। ਇਸੇ ਤਰ੍ਹਾਂ ਰਾਜਾ ਉਦੈਨ ਨੇ ਇਕ ਬ੍ਰਾਹਮਣ ਕੁੜੀ ਮਾਗੰਧੀ ਨਾਲ ਵਿਆਹ ਕਰ ਲਿਆ। ਮਾਗੰਧੀ ਰਾਜਾ ਨਾਲੋਂ ਉੱਚੀ ਜਾਤ ਦੀ ਸੀ।

ਬਹੁਪਤੀ ਤੇ ਬਹੁ ਪਤਨੀ ਦਾ ਰਵਾਜ ਵੀ ਚਾਲੂ ਸੀ ਤੇ ਸਤੀ ਪ੍ਰਥਾ ਵੀ ਚਲ ਰਹੀ ਸੀ। ਬੜੀ ਅਜੀਬ ਜੇਹੀ ਹਾਲਤ ਸੀ, ਖ਼ਾਸ ਕਰ ਕੇ ਇਸਤ੍ਰੀਆਂ ਤੇ ਸ਼ੂਦ੍ਰਾਂ ਦੇ ਬਾਰੇ ਵਿਚ।

ਅਸਲ ਵਿਚ ਸਮਾਜ ਪਰੋਹਤਾਂ ਦੇ ਹਥਾਂ ਵਿਚ ਖੇਡਦਾ ਸੀ। ਪਰੋਹਤ ਜਿਥੇ ਜੋ ਚਾਹੁਣ ਹੋ ਜਾਂਦਾ ਸੀ ਤੇ ਉਹੋ ਹੀ ਠੀਕ ਸਮਝਿਆ ਜਾਂਦਾ ਸੀ।

ਕਹਿਣ ਨੂੰ ਤਾਂ ਇਸਤਰੀ ਨੂੰ ਅਰਧੰਗਨੀ ਕਿਹਾ ਜਾਂਦਾ ਸੀ ਤੇ 'ਜਿਥੇ ਔਰਤ ਦੀ ਇਜ਼ਤ ਹੋਵੇ, ਉਥੇ ਦੇਵਤੇ ਵਸਦੇ ਹਨ' ਇਸ ਕਿਸਮ ਦਾ ਇਕ ਸ਼ਲੋਕ ਵੀ ਆਮ ਸੁਣਾਇਆ ਜਾਂਦਾ ਸੀ ਪਰ ਵਰਤੋਂ ਵਿਚ ਇਹ ਗਲ ਨਹੀਂ ਸੀ। ਇਸਤਰੀ ਪੁਰਸ਼ ਦੀ ਮਨਕੂਲਾ ਜਾਇਦਾਦ ਸਮਝੀ ਜਾਂਦੀ ਸੀ ਤੇ ਅਜਿਹੀ ਜਾਇਦਾਦ



Digitized by Panjab Digital Library | www.panjabdigilib.org

ਜੋ ਕਿ ਮਰਦੀ ਵਾਰੀ ਵੀ ਨਾਲ ਲਿਜਾਈ ਜਾ ਸਕਦੀ ਹੈ। ਤਾਹੀਓਂ ਤਾਂ ਉਸ ਵਿਚਾਰੀ ਨੂੰ ਪਤੀ ਦੇ ਮਰਨ ਤੇ ਜੀਊਂਦੇ ਜੀ ਅੱਗ ਵਿਚ ਸਾੜ ਦਿਤਾ ਜਾਂਦਾ ਸੀ।

ਸੂਦਰਾਂ ਬਾਰੇ ਵੀ ਕਿਹਾ ਕੁਝ ਤੇ ਵਰਤਿਆ ਕੁਝ ਜਾਂਦਾ ਸੀ। ਅਛੂਤਾਂ ਲਈ ਤਾਂ ਕੁਝ ਕਹਿਣ ਦੀ ਲੋੜ ਹੀ ਨਹੀਂ। ਬੜੇ ਜ਼ੁਲਮ ਹੁੰਦੇ ਸਨ ਉਨ੍ਹਾਂ ਤੇ। 'ਮਤੰਗ ਜਾਤਕ' ਤੋਂ ਪਤਾ ਲਗਦਾ ਹੈ ਕਿ ਅਛੂਤਾਂ ਨੂੰ ਮਾਰ ਕੁੱਟ ਵੀ ਬੜੀ ਪੈਂਦੀ ਸੀ।

ਹੋਰ ਵੀ ਸਮਾਜ ਵਿਚ ਕਈ ਖ਼ਰਾਬੀਆਂ ਸਨ ਤੇ ਉਨ੍ਹਾਂ ਨੂੰ ਧਾਰਮਕ ਨਾਹਰੇ ਨਾਲ ਸਦਾ ਪਾਣੀ ਦਿਤਾ ਜਾਂਦਾ ਸੀ।

## ਆਰਥਕ ਦਸ਼ਾ

ਆਰਥਕ ਦਸ਼ਾ ਆਮ ਕਰ ਕੇ ਚੰਗੀ ਸੀ, ਭਾਵੇਂ ਉਸ ਦਾ ਰੂਪ ਕੁਝ ਵੀ ਸੀ। ਕਾਰ ਵਿਹਾਰ ਕਰਨ ਦਾ ਸ਼ੌਕ ਆਰੀਆਂ ਨੂੰ ਬਹੁਤ ਪੁਰਾਣਾ ਹੈ। ਉਹ ਪਹਿਲੋਂ ਵੀ ਇਧਰ ਉਧਰ ਜਾਇਆ ਕਰਦੇ ਸਨ ਤੇ ਦੂਰ ਦੂਰ ਦੇਸਾਂ ਵਿਚ ਜਾ ਕੇ ਵਪਾਰ ਚਲਾਉਂਦੇ ਸਨ ਤੇ ਹੁਣ ਵੀ ਚਲਾਉਂਦੇ ਹਨ।

ਵਾਹੀ ਖੇਤੀ ਦਾ ਹਾਲ ਚੰਗਾ ਸੀ। ਇਕ ਸਮਾਂ ਸੀ, ਬ੍ਰਾਹਮਣ ਖੜ੍ਹੀ ਸਾਰੇ ਹਲ ਵਾਹੁੰਦੇ ਸਨ। ਖ਼ੁਦ ਰਾਜਾ ਜਨਕ ਨੇ ਇਕ ਵਾਰੀ ਹਲ ਚਲਾਇਆ ਸੀ। ਪਰ ਹੁਣ ਇਹ ਗਲ ਨਹੀਂ ਸੀ। ਬ੍ਰਾਹਮਣ ਖੜ੍ਹੀ ਆਮ ਤੌਰ ਤੇ ਹਲ ਨਹੀਂ ਚਲਾਇਆ ਕਰਦੇ ਸਨ। ਉਹ ਬਹੁਤ ਮਾਲਦਾਰ ਹੋ ਗਏ ਸਨ ਤੇ ਸ਼ਹਿਰਾਂ ਵਿਚ ਰਹਿ ਕੇ ਰਾਜ ਕਾਜ ਦੇ ਕੰਮਾਂ ਵਿਚ ਦਖ਼ਲ ਦੇਂਦੇ ਸਨ। ਜ਼ਮੀਨਾਂ ਕਾਮੇ ਵਾਹੁੰਦੇ ਸਨ ਤੇ ਆਪਣਾ ਖ਼ੂਨ ਪਸੀਨਾ ਇਕ ਕਰ



Digitized by Panjab Digital Library | www.panjabdigilib.org

ਕੇ ਉਹ ਮਾਲਕਾਂ ਦੀਆਂ ਗੋਗੜਾਂ ਵਧਾਉਂਦੇ ਸਨ।

ਚਾਣਕ ਦਾ 'ਅਰਥ ਸ਼ਾਸਤਰ' ਭਾਵੇਂ ਸਾਡੇ ਸਮੇਂ ਤੋਂ ਬਹੁਤ ਬਾਅਦ ਦਾ ਹੈ ਪਰ ਪਰੰਪਰਾ ਨੂੰ ਹੀ ਸਾਹਮਣੇ ਰਖ ਕੇ ਬਣਿਆ ਹੋਇਆ ਹੈ। ਉਸ ਤੋਂ ਪਤਾ ਲਗਦਾ ਹੈ ਕਿ ਵਪਾਰੀ ਲੋਕ ਅਨਾਜ ਦੇ ਜ਼ਖ਼ੀਰੇ ਜਮ੍ਹਾਂ ਕਰਦੇ ਸਨ ਤੇ ਤਕੜੀਆਂ ਵਟੇ ਸ਼ੱਕੀ ਰਖਦੇ ਸਨ। ਤੋਲ ਪੂਰਾ ਨਹੀਂ ਸਨ ਤੋਲਦੇ।

ਇਖ਼ਲਾਕੀ ਗਿਰਾਵਟ ਦੇ ਹੋਰ ਵੀ ਕਈ ਸਬੂਤ ਮਿਲਦੇ ਹਨ। ਮਗਧ ਦੇ ਰਾਜਾ ਬਿੰਬਸਾਰ ਨੂੰ ਉਸ ਦੇ ਪੁਤਰ ਅਜਾਤ ਸ਼ਤਰੂ ਨੇ ਕੈਦ ਕਰ ਕੇ ਜੇਲ੍ਹ ਵਿਚ ਪਾ ਦਿਤਾ ਤੇ ਅਖ਼ੀਰ ਮਾਰ ਵੀ ਦਿਤਾ ਸੀ।

## ਰਾਜਨੀਤਕ ਹਾਲਤ

ਭਾਵੇਂ ਰਾਜਨੀਤਕ ਹਾਲਤ ਬਹੁਤ ਚੰਗੀ ਨਹੀਂ ਸੀ, ਖ਼ਾਸ ਕਰ ਇਸ ਦ੍ਰਿਸ਼ਟੀ-ਕੋਨ ਨਾਲ ਕਿ ਦੇਸ਼ ਅਨੇਕ ਛੋਟੇ ਛੋਟੇ ਰਜਵਾੜਿਆਂ ਜਾਂ ਪੰਚਾਇਤੀ ਰਾਜਾਂ ਵਿਚ ਵੰਡਿਆ ਹੋਇਆ ਸੀ ਤੇ ਕਿਸੇ ਇਕ ਪ੍ਰਭੂ-ਸੱਤਾ ਹੇਠਾਂ ਨਹੀਂ ਸੀ, ਫਿਰ ਵੀ ਮੋਟੇ ਤੌਰ ਤੇ ਹਾਲਤ ਚੰਗੀ ਹੀ ਸੀ। ਜਿਹੜੇ ਆਰੀਏ ਸੈਂਕੜੇ ਹਜ਼ਾਰਾਂ ਸਾਲ ਪਹਿਲਾਂ ਮੱਧ-ਏਸ਼ੀਆ ਤੋਂ ਆ ਕੇ ਇਥੇ ਕਾਬਜ਼ ਹੋ ਚੁਕੇ ਸਨ, ਉਨ੍ਹਾਂ ਦੀ ਹੀ ਸੰਤਾਨ ਸਾਰੇ ਦੇਸ਼ ਵਿਚ ਹੁਕਮਰਾਨ ਸੀ। ਬੇਸ਼ੱਕ ਕਿਤੇ ਕਿਤੇ ਅਨਾਰੀਏ ਵੀ ਅਜੇ ਤਕ ਕਾਬਜ਼ ਸਨ ਪਰ ਬਹੁਤ ਦੂਰ—ਦੱਖਨ ਵਿਚ ਜਾਂ ਕਿਤੇ ਪਹਾੜੀ ਇਲਾਕਿਆਂ ਵਿਚ, ਜੰਗਲਾਂ ਤੇ ਉਜਾੜਾਂ ਵਿਚ। ਘਟੋ ਘਟ ਕਿਤੇ ਕੋਈ ਵਿਦੇਸ਼ੀ ਵਸਤੀ ਤਾਂ ਨਹੀਂ ਸੀ। ਸਭ ਜਗ੍ਹਾ ਆਪਣਾ ਹੀ ਰਾਜ ਸੀ।



Digitized by Panjab Digital Library | www.panjabdigilib.org

ਟੈਕਸ ਥੋੜੇ ਤੇ ਹਲਕੇ ਫੁਲਕੇ ਜਿਹੇ ਸਨ । ਮੁਕਦਮੇ-ਬਾਜ਼ੀ ਬਹੁਤ ਘੱਟ ਸੀ ਤੇ ਫ਼ੈਸਲੇ ਆਮ ਤੌਰ ਤੇ ਸ਼ਹਿਰਾਂ ਤੇ ਪਿੰਡਾਂ ਦੀਆਂ ਪੰਚਾਇਤਾਂ ਹੀ ਕਰਦੀਆਂ ਸਨ । ਥੋੜੇ ਵਿਚ ਹੀ ਸਭ ਮਾਮਲਾ ਛੇਤੀ ਨਿਬੜ ਜਾਂਦਾ ਸੀ ।

ਭੂਮੀ ਦਾ ਮਾਲਕ ਭਾਵੇਂ ਆਮ ਤੌਰ ਤੇ ਕਿਸਾਨ ਆਪ ਹੀ ਹੁੰਦਾ ਸੀ ਪਰ ਨਾਲ ਹੀ ਇਸ ਦੇ ਬੜੇ ਬੜੇ ਭੂਮੀ ਪਤੀ ਵੀ ਪੈਦਾ ਹੋਣ ਲਗ ਗਏ ਸਨ । ਖ਼ੁਦ ਬੁਧ ਦੇ ਪਿਤਾ ਇਕ ਬੜੇ ਭਾਰੇ ਭੂਮੀ ਪਤੀ ਸਨ ਤੇ ਕਾਮਿਆਂ ਦੀ ਕਮਾਈ ਖਾਂਦੇ ਸਨ ।

ਸ਼ਾਹੂਕਾਰਾ ਸਿਸਟਮ ਵੀ ਖ਼ੂਬ ਚਲਦਾ ਸੀ ਤੇ ਉਸ ਦੇ ਜ਼ਰੀਏ ਸ਼ੋਸ਼ਨ ਵੀ ਖ਼ੂਬ ਹੁੰਦਾ ਸੀ, ਭਾਵੇਂ ਅਜ ਵਰਗਾ ਨਹੀਂ ।

ਸੁਧਾਰ ਦੀ ਇਸ ਵਿਚ ਵੀ ਬੜੀ ਲੋੜ ਸੀ ਤੇ ਇਹ ਲੋੜ ਆਖ਼ਰ ਜਾ ਕੇ ਪੂਰੀ ਹੋਈ ਹੀ, ਭਾਵੇਂ ਥੋੜੀ ਤੇ ਭਾਵੇਂ ਬਹੁਤੀ ।

## ਖ਼ਾਨਦਾਨ—

ਇਖਵਾਕੂ ਵੰਸ਼ ਵਿਚ ਕਿਸੇ ਵੇਲੇ ਇਕ ਰਾਜਾ ਮਾਂਧਾਤਾ ਹੋਇਆ ਤੇ ਮਾਂਧਾਤਾ ਤੋਂ ਬਹੁਤ ਚਿਰ ਬਾਅਦ ਸਿਰੀ ਰਾਮ ਚੰਦਰ ਹੋਏ । ਫਿਰ ਇਕ ਰਾਜਾ ਸੁਜਾਤ ਹੋਇਆ । ਰਾਜਧਾਨੀ ਸਭ ਦੀ ਅਜੁਧਿਆ ਹੀ ਰਹੀ ।

ਰਾਜਾ ਸੁਜਾਤ ਨੇ ਪੰਜਾਂ ਪੁੱਤਰਾਂ ਤੇ ਪੰਜਾਂ ਧੀਆਂ ਦੇ ਹੁੰਦਿਆਂ ਸੁੰਦਿਆਂ ਵੀ ਬੁਢਾਪੇ ਵਿਚ ਜਯੰਤੀ ਨਾਂ ਦੀ ਇਕ ਹੋਰ ਮੁਟਿਆਰ ਨਾਲ ਵਿਆਹ ਕਰ ਲਿਆ । ਉਸ ਵਿਚੋਂ ਇਕ ਪੁੱਤਰ ਹੋਇਆ, ਉਸ ਦਾ ਨਾਂ ਰਖਿਆ ਗਿਆ ਜਯੰਤ । ਦਸਰਥ



Digitized by Panjab Digital Library | www.panjabdigilib.org

ਵਾਂਗੂ ਸੁਜਾਤ ਵੀ ਜਯੰਤੀ ਨੂੰ ਕਿਸੇ ਵੇਲੇ ਦਿਤੇ ਵਰ ਵਿਚ ਫਸਿਆ ਪਿਆ ਸੀ। ਮੌਕਾ ਪਾ ਕੇ ਜਯੰਤੀ ਨੇ ਉਸ ਵਰ ਦੇ ਬਦਲੇ ਆਪਣੀ ਸੌਂਕਣ ਦੇ ਪੰਜਾਂ ਪੁਤਰਾਂ ਨੂੰ ਘਰੋਂ ਕਢਾ ਦਿਤਾ। ਨਾਲ ਉਸ ਦੀਆਂ ਪੰਜੇ ਧੀਆਂ ਵੀ ਪੰਜਾਂ ਭਰਾਵਾਂ ਨਾਲ ਤੁਰ ਪਈਆਂ ਤੇ ਕੁਝ ਪਰਜਾ ਵੀ ਲਗ ਤੁਰੀ। ਸਾਰੇ ਜਣੇ ਨੈਪਾਲ ਦੀ ਤਲਹਟੀ ਵਿਚ ਕਪਲ ਮੁਨੀ ਦੇ ਆਸਨ ਤੇ ਆਏ ਤੇ ਮੁਨੀ ਦੀ ਆਗਿਆ ਲੈ ਕੇ ਪਾਸ ਹੀ ਜੰਗਲ ਸਾਫ਼ ਕਰ ਕੇ ਮੁਨੀ ਦੇ ਨਾਂ ਤੇ 'ਕਪਿਲ ਵਸਤੂ' ਨਾਮ ਦੀ ਇਕ ਵਸਤੀ ਵਸਾ ਕੇ ਰਹਿਣ ਲਗ ਪਏ। ਸਮਾਂ ਪਾ ਕੇ ਇਹ ਵਸਤੀ ਬੜੀ ਉਨਤ ਹੋਈ ਤੇ ਫਿਰ ਕੁਝ ਸਮਾਂ ਪਾ ਕੇ ਇਹ ਬਰਬਾਦ ਵੀ ਹੋ ਗਈ। ਅਜ ਕਲ ਇਥੇ 'ਭੁਇਲਾ' ਨਾਂ ਦਾ ਇਕ ਪਿੰਡ ਜਿਹਾ ਆਬਾਦ ਹੈ। ਇਹ ਥਾਂ ਕਾਂਸ਼ੀ ਤੋਂ ਸੌ ਮੀਲ ਦੇ ਕਰੀਬ ਉੱਤਰ ਦਿਸ਼ਾ ਵਲ ਤੇ ਅਜੁਧਿਆ ਤੋਂ ਪੰਜੀ ਕੁ ਮੀਲ ਉੱਤਰ-ਪੂਰਬ ਦੀ ਗੁਠੇ ਮੌਜੂਦ ਹੈ।

ਫਿਰ ਰਾਜ ਕੁਮਾਰਾਂ ਨੂੰ ਆਪਣੇ ਵਿਆਹ ਦਾ ਫ਼ਿਕਰ ਹੋਇਆ ਤੇ ਉਨ੍ਹਾਂ ਆਪਣੀਆਂ ਪੰਜਾਂ ਭੈਣਾਂ ਨਾਲ ਹੀ ਵਿਆਹ ਕਰ ਲਿਆ। ਜਦੋਂ ਰਾਜਾ ਸੁਜਾਤ ਨੂੰ ਇਸ ਗਲ ਦਾ ਪਤਾ ਲਗਾ ਤਾਂ ਉਸ ਨੇ ਪੰਡਤਾਂ ਨੂੰ ਸਦ ਕੇ ਇਸ ਬਾਬਤ ਫ਼ਤਵਾ ਮੰਗਿਆ। ਉਨ੍ਹਾਂ ਕਿਹਾ ਜੋ ਕੁਝ ਉਨ੍ਹਾਂ ਕੀਤਾ ਹੈ, 'ਸ਼ਾਕਯ' ਹੈ। ਬਸ ਓਦੋਂ ਤੋਂ ਉਹ 'ਸ਼ਾਕਯ' ਨਾਂ ਤੋਂ ਪ੍ਰਸਿਧ ਹੋ ਗਏ ਤੇ ਉਨ੍ਹਾਂ ਦਾ ਜਿਹੜਾ ਵੰਸ਼ ਚਲਿਆ ਉਹ 'ਸ਼ਾਕਯ ਵੰਸ਼' ਦੇ ਨਾਂ ਤੋਂ ਪ੍ਰਸਿਧ ਹੋਇਆ। ਬੁਧ ਇਸੇ ਸ਼ਾਕਯ ਵੰਸ਼ ਵਿਚ ਪੈਦਾ ਹੋਏ।



Digitized by Panjab Digital Library | www.panjabdigilib.org

## ਬੁੱਧ ਦਾ ਜਨਮ –

ਈਸਵੀ ਸੰਨ ਤੋਂ ਕੋਈ ਛੇ ਸੌ ਸਾਲ ਪਹਿਲਾਂ ਕਪਲ ਵਸਤੂ ਵਿਚ ਸ਼ਾਕਯਵੰਸ਼ੀ ਰਾਜਾ ਸ਼ੁਧੋਦਨ ਰਾਜ ਕਰਦਾ ਸੀ। ਅਸਲ ਵਿਚ ਕਪਲ ਵਸਤੂ ਇਕ ਛੋਟਾ ਜਿਹਾ ਗਣ ਰਾਜ ਸੀ ਤੇ ਉਸ ਗਣ ਰਾਜ ਦੇ ਗਣ ਪਤੀ ਜਾਂ ਰਾਸ਼ਟਰ ਪਤੀ ਨੂੰ ਰਾਜਾ ਕਿਹਾ ਜਾਂਦਾ ਸੀ। ਇਹ ਮਿਆਦੀ ਰਾਜਾ ਹੁੰਦਾ ਸੀ ਤੇ ਪਿਛੋਂ ਰਾਜਾ ਨਹੀਂ ਕਹਾਉਂਦਾ ਸੀ।

ਰਾਜਾ ਸ਼ੁਧੋਦਨ ਦੀਆਂ ਦੋ ਰਾਣੀਆਂ ਸਨ ਤੇ ਉਹ ਦੋਵੇਂ ਸਕੀਆਂ ਭੈਣਾਂ ਸਨ। ਉਨ੍ਹਾਂ ਦਾ ਨਾਂ ਸੀ–ਮਹਾਂ ਮਾਇਆ ਤੇ ਮਹਾਂ ਪ੍ਰਜਾਵਤੀ। ਸੰਤਾਨ ਕੋਈ ਨਹੀਂ ਸੀ। ਰਾਜਾ ਬੜਾ ਦੁਖੀ ਰਹਿੰਦਾ ਸੀ। ਆਖ਼ਰ ਇਕ ਦਿਨ ਇਹ ਦੁਖ ਵੀ ਦੂਰ ਹੋਣ ਲੱਗਾ। ਮਹਾਂ ਮਾਇਆ ਨੂੰ ਗਰਭ ਠਹਿਰ ਗਿਆ। ਬੌਧ-ਗ੍ਰੰਥਾਂ ਵਿਚ ਇਸ ਬਾਰੇ ਇਕ ਬੜੀ ਅਜੀਬ ਗਲ ਦਸੀ ਜਾਂਦੀ ਹੈ। ਉਹ ਇਹ ਕਿ ਇਕ ਦਿਨ ਰਾਤੀਂ ਸੁਤੀ ਪਈ ਰਾਣੀ ਨੇ ਇਕ ਸੁਪਨਾ ਦੇਖਿਆ। ਕੀ ਦੇਖਦੀ ਹੈ ਕਿ ਆਕਾਸ਼ 'ਚੋਂ ਇਕ ਚਮਤਕਾਰ ਤਾਰਾ ਟੁਟਿਆ ਹੈ। ਦੇਖਦਿਆਂ ਦੇਖਦਿਆਂ ਉਹ ਡਾਢਾ ਸੁੰਦਰ ਤੇ ਸਫ਼ੈਦ ਹਾਥੀ ਬਣ ਗਿਆ ਤੇ ਰਾਣੀ ਦੇ ਢਿਡ ਵਿਚ ਵੜ ਗਿਆ। ਰਾਣੀ ਜਾਗ ਪਈ ਤੇ ਇਕ ਅਦਭੁਤ ਆਨੰਦ ਅਨੁਭਵ ਕਰਨ ਲਗੀ।

ਹੌਲੀ ਹੌਲੀ ਗਰਭ ਵਧਣਾ ਸ਼ੁਰੂ ਹੋਇਆ ਤੇ ਵਿਅੱਮ ਦੇ ਦਿਨ ਨੇੜੇ ਆ ਗਏ। ਇਹ ਦੇਖ ਕੇ ਰਾਣੀ ਨੇ ਪੇਕੇ ਚਲੇ ਜਾਣ ਦੀ ਖ਼ਾਹਿਸ਼ ਜ਼ਾਹਿਰ ਕੀਤੀ ਤਾਂ ਜੋ ਪਹਿਲਾ ਵਿਅੱਮ ਉਥੇ ਪਾਵੇ।

ਪੇਕੇ ਸਨ 'ਦੇਵਦਾਹ' ਵਿਚ। ਕਪਲ ਵਸਤੂ ਤੇ ਦੇਵਦਾਹ



Digitized by Panjab Digital Library | www.panjabdigilib.org

ਵਿਚ ਬਹੁਤ ਫ਼ਰਕ ਨਹੀਂ ਸੀ, ਇਸ ਲਈ ਰਾਜਾ ਰਾਣੀ ਦੀ ਗਲ ਮੰਨ ਗਿਆ। ਰਾਣੀ ਸਫ਼ਰ ਲਈ ਤਿਆਰ ਹੋਈ ਤੇ ਰਾਜਾ ਵੀ ਉਸ ਨੂੰ ਛਡਣ ਲਈ ਨਾਲ ਤਿਆਰ ਹੋਇਆ। ਅਜੇ ਉਨ੍ਹਾਂ ਸ਼ਹਿਰ ਦੀ ਹਦ ਨਹੀਂ ਸੀ ਟਪੀ ਕਿ ਰਾਣੀ ਨੂੰ ਪੀੜਾਂ ਲਗ ਪਈਆਂ। ਉਥੇ ਰਾਜਾ ਦਾ ਇਕ ਬਗੀਚਾ ਸੀ, ਲੁੰਬਨੀ ਕਾਨਨ। ਇਸ ਨੂੰ ਅਜ ਕਲ 'ਰੁਮੱਣ ਦੇਈ' ਕਹਿੰਦੇ ਹਨ। ਇਹ ਨੇਪਾਲ ਦੀ ਹੱਦ ਤੇ ਚਾਰ ਮੀਲ ਅੰਦਰ ਬਟੌਲ ਜ਼ਿਲੇ ਵਿਚ ਹੈ। ਇਥੇ ਗਰਮੀਆਂ ਕੱਟਣ ਲਈ ਰਾਜਾ ਦਾ ਇਕ ਸੁੰਦਰ ਮਹੱਲ ਸੀ। ਰਾਜਾ ਰਾਣੀ ਉਥ ਚਲੇ ਗਏ।

ਰਾਣੀ ਆਪਣੀ ਭੈਣ ਪ੍ਰਜਾਵਤੀ ਨਾਲ ਹੌਲੀ ਹੌਲੀ ਬਾਗ਼ ਵਿਚ ਟਹਿਲ ਰਹੀ ਸੀ ਕਿ ਵਕਤ ਆ ਪੁਜਾ। ਰਾਣੀ ਅਸ਼ੋਕ ਬ੍ਰਿਛ ਦੀ ਇਕ ਟਾਹਣੀ ਫੜ ਕੇ ਖਲੋ ਗਈ ਤੇ ਫਿਰ ਬੱਚਾ ਪੈਦਾ ਹੋ ਗਿਆ।

ਇਹ ਗਲ ਵਿਕ੍ਰਮੀ ਸੰਮਤ ਤੋਂ ੫੦੫ ਸਾਲ ਪਹਿਲੇ, ਵਿਸਾਖ ਦੀ ਪੁੰਨਿਆਂ ਦੀ ਹੈ। ਬੋਧ ਗ੍ਰੰਥਾਂ ਵਿਚ ਲਿਖਿਆ ਹੈ ਕਿ ਇਸੇ ਦਿਨ ਸ੍ਰਾਵਸਤੀ ਰਾਜ ਗ੍ਰਹਿ, ਕੌਸਾਂਬੀ ਤੇ ਉਜੱਯਨੀ ਦੇ ਰਾਜਿਆਂ ਦੇ ਘਰ ਵੀ ਕ੍ਰਮ ਨਾਲ ਪ੍ਰਸੇਨਾ ਦਿੱਤ, ਬਿੰਬਸਾਰ, ਉਦਯਨ, ਤੇ ਪ੍ਰਦਯੋਤ ਕੁਮਾਰ ਨੇ ਜਨਮ ਲਿਆ। ਬੁੱਧ ਦੀ ਇਸਤਰੀ, ਨਫਰ ਛੰਦਕ, ਘੋੜਾ ਕੰਥਕ, ਪਰੋਹਤ ਪੁਤਰ ਕਾਲ ਉਦਾਯੀ, ਗਜਰਾਜ ਬੋਧਿ ਬ੍ਰਿਛ ਤੇ ਦੌਲਤ ਭਰੇ ਚਾਰ ਘੜੇ ਵੀ ਇਸ ਦਿਨ ਪ੍ਰਗਟ ਹੋਏ।

ਬਚੇ ਦੇ ਜਨਮ ਤੇ ਰਾਜੇ ਨੂੰ ਬੜੀ ਖ਼ੁਸ਼ੀ ਹੋਈ। ਉਸ ਨੇ ਖ਼ੂਬ ਆਨੰਦ ਉਤਸਵ ਮਨਾਇਆ ਤੇ ਦਾਨ ਪੁੰਨ ਏਨਾ ਕੀਤਾ



Digitized by Panjab Digital Library | www.panjabdigilib.org

ਕਿ ਸਭ ਮੰਗਣ ਵਾਲੇ ਰੱਜ ਗਏ । ਬ੍ਰਾਹਮਣਾਂ ਨੇ ਬਚੇ ਦਾ ਨਾਮ ਸਿਧਾਰਥ ਰਖਿਆ ।

## ਭਵਿਸ਼ ਬਾਣੀ –

ਕਲ੍ਹ ਦੀ ਗਲ ਅਜ ਕਹਿਣ ਦਾ ਨਾਓਂ ਭਵਿਸ਼ ਬਾਣੀ ਹੈ। ਅਗਾ ਪਿੱਛਾ ਸੋਚ ਕੇ ਕਹੀ ਹੋਈ ਸਿਆਣਿਆਂ ਦੀ ਇਹ ਅਟਕਲ ਕਈ ਵਾਰੀ ਠੀਕ ਵੀ ਨਿਕਲ ਆਉਂਦੀ ਹੈ, ਇਸ ਵਾਸਤੇ ਕਈ ਲੋਕੀਂ ਭਵਿਸ਼ ਬਾਣੀ ਤੇ ਅਜ ਵੀ ਯਕੀਨ ਕਰਦੇ ਹਨ। ਬੁੱਧ ਦਾ ਪਿਤਾ ਰਾਜਾ ਸ਼ੁਧੋਦਨ ਵੀ ਭਵਿਸ਼ ਬਾਣੀ ਤੇ ਯਕੀਨ ਕਰਦਾ ਸੀ ।

ਪੰਜਵੇਂ ਦਿਨ ਕੁਲ ਪਰੋਹਤ ਵਿਸ਼ਵਾ ਮਿਤਰ ਆਇਆ । ਉਸ ਨੇ ਬਚੇ ਦਾ ਮਸਤਕ ਵੇਖਿਆ, ਹਥਾਂ ਪੈਰਾਂ ਦੀਆਂ ਲੀਕਾਂ ਵੇਖੀਆਂ ਤੇ ਰਾਜਾ ਸ਼ੁਧੋਦਨ ਨੂੰ ਕਹਿਣ ਲੱਗਾ, "ਮਹਾਰਾਜ ! ਇਹ ਬੜੇ ਸੋਹਣੇ ਲਛਣਾਂ ਵਾਲਾ ਲੜਕਾ ਹੈ,ਇਹ ਸੰਸਾਰ ਵਿਚ ਪੂਜਿਆ ਜਾਵੇਗਾ । ਦੁਨੀਆਂ ਇਹਦੇ ਕਦਮ ਚੁੰਮੇਗੀ । ਇਹ ਰਾਜ ਕਰੂ ਤਾਂ ਚਕਰਵਰਤੀ ਰਾਜਾ ਹੋਊ, ਨਹੀਂ ਤਾਂ ਸਾਧੂ ਹੋ ਕੇ ਸੰਸਾਰ-ਤਾਰਕ ਬੁੱਧ ਹੋਊ ।"

ਇਹ ਕਹਿਕੇ ਬੁੱਢਾ ਵਿਸ਼ਵਾ ਮਿਤਰ ਬਚੇ ਦਾ ਪੈਰ ਆਪਣੇ ਮਥੇ ਨਾਲ ਛੁਹਾ ਕੇ ਚਲਾ ਗਿਆ ।

## ਮਾਂ ਦਾ ਵਿਛੋੜਾ –

ਕਪਲ ਵਸਤੂ ਤੇ ਦੇਵਦਾਹ ਵਿਚ ਅਜੇ ਆਨੰਦ ਉਤਸਵ



Digitized by Panjab Digital Library | www.panjabdigilib.org

ਹੋ ਹੀ ਰਹੇ ਸਨ, ਨਾਚ ਸੰਗੀਤ ਤੇ ਤਰ੍ਹਾਂਤਰ੍ਹਾਂ ਦੇ ਖ਼ੁਸ਼ਨੁਮਾ ਪ੍ਰੋਗਰਾਮ ਚਲ ਹੀ ਰਹੇ ਸਨ ਕਿ ਅਚਾਨਕ ਇਕ ਬੜਾ ਭਾਰਾ ਮੁਸੀਬਤ ਦਾ ਪਹਾੜ ਟੁਟ ਪਿਆ। ਮਹਾਂ ਮਾਇਆ ਚਲਾਣਾ ਕਰ ਗਈ। ਸਿਧਾਰਥ ਉਸ ਵੇਲੇ ਕੇਵਲ ਸਤ ਦਿਨਾਂ ਦਾ ਸੀ। ਬੁੱਧ ਦੀ ਸਕੀ ਮਾਸੀ ਤੇ ਰਾਜਾ ਦੀ ਛੋਟੀ ਰਾਣੀ ਮਹਾਂ ਪ੍ਰਜਾਵਤੀ ਨੇ ਬਚੇ ਨੂੰ ਗੋਦ ਲੈ ਲਿਆ ਤੇ ਉਸ ਦੀ ਪਾਲਨਾ ਕਰਨ ਲਗੀ।

## ਸਿਖਿਆ –

ਪੁਰਾਣੇ ਸਮੇਂ ਵਿਚ ਵਿਦਿਆ ਦਾ ਬੜਾ ਚੰਗਾ ਪ੍ਰਬੰਧ ਸੀ। ਦੂਰ, ਠੰਢੀਆਂ, ਸਿਹਤਮੰਦ ਤੇ ਹਰਿਔਲੀਆਂ ਥਾਵਾਂ ਵਿਚ ਗੁਰੂ-ਕੁਲ ਬਣੇ ਹੁੰਦੇ ਸਨ, ਜਿਥੇ ਮਾਂ ਪਿਉ ਤੋਂ ਵੀ ਵਧ ਪਿਆਰ ਨਾਲ ਗੁਰੂ ਤੇ ਗੁਰੂ ਦੇ ਸਾਥੀ, ਬਚਿਆਂ ਨੂੰ ਪੜ੍ਹਾਇਆ ਕਰਦੇ ਸਨ ਤੇ ਉਨ੍ਹਾਂ ਦੀਆਂ ਘਰ ਵਾਲੀਆਂ ਬਚਿਆਂ ਨੂੰ ਖੁਆਇਆ ਪਿਲਾਇਆ ਤੇ ਪਾਲਿਆ ਪੋਸਿਆ ਕਰਦੀਆਂ ਸਨ। ਨਤੀਜਾ ਇਹ ਹੁੰਦਾ ਸੀ ਕਿ ਬਚੇ ਬੜੇ ਸ਼ੌਕ ਨਾਲ ਉਥੇ ਰਹਿੰਦੇ ਤੇ ਵਿਦਿਆ ਪ੍ਰਾਪਤ ਕਰਦੇ।

ਬੁਧ ਦੇਵ ਵੀ ਜਦੋਂ ਅਠਾਂ ਕੁ ਵਰ੍ਹਿਆਂ ਤੇ ਹੋ ਗਏ ਤਾਂ ਰਾਜਾ ਸ਼ੁਧੋਦਨ ਨੇ ਗੁਰੂ ਵਿਸ਼ਵਾ ਮਿਤਰ ਨੂੰ ਬੁਲਾ ਕੇ ਬੁਧ ਨੂੰ ਉਸ ਦੇ ਹਵਾਲੇ ਕਰ ਦਿਤਾ।

ਬੁਧ ਦੇਵ ਗੁਰੂ ਕੁਲ ਵਿਚ ਰਹਿ ਕੇ ਬੜੇ ਆਨੰਦ ਨਾਲ ਸਿਖਿਆ ਹਾਸਲ ਕਰਨ ਲਗੇ। ਉਨ੍ਹਾਂ ਦੀ ਬੁਧੀ ਬੜੀ ਤੇਜ ਸੀ। ਵਿਦਿਆ ਲਈ ਤੀਬਰ ਰੁਚੀ ਹੋਣ ਕਰ ਕੇ ਉਨ੍ਹਾਂ ਬਹੁਤ ਥੋੜੇ



Digitized by Panjab Digital Library | www.panjabdigilib.org

ਸਮੇਂ ਵਿਚ ਹੀ ਵਿਦਿਆ ਪ੍ਰਾਪਤ ਕਰ ਲਈ। ਉਹ ਵੇਦਾਂ ਸ਼ਾਸਤਰਾਂ ਦੇ ਪੰਡਤ ਹੋ ਗਏ। ਗੁਰੂ ਬੜਾ ਪ੍ਰਸੰਨ ਹੋਇਆ। ਉਹ ਆਪਣੇ ਇਸ ਪਿਆਰੇ ਸ਼ਿਸ਼ ਨੂੰ ਲੈ ਕੇ ਰਾਜਾ ਸ਼ੁਧੋਦਨ ਪਾਸ ਪੁਜਾ। ਗੁਰੂ ਨੇ ਬੁਧ ਦਾ ਰਾਜ ਪੰਡਤਾਂ ਨਾਲ ਟਾਕਰਾ ਕਰਾ ਕੇ ਤੇ ਉਨ੍ਹਾਂ ਨੂੰ ਉਸ ਕੋਲੋਂ ਹਰਾ ਕੇ ਦਸਿਆ। ਰਾਜਾ ਬੜਾ ਖ਼ੁਸ਼ ਹੋਇਆ ਤੇ ਉਸ ਨੇ ਗੁਰੂ ਦਾ ਬਹੁਤ ਸਨਮਾਨ ਕੀਤਾ, ਉਸ ਨੂੰ ਚੋਖੀ ਗੁਰ-ਦਖਣਾ ਦਿਤੀ।

ਹੁਣ ਰਾਜਾ ਸ਼ੁਧੋਦਨ ਨੇ ਬੁਧ ਲਈ ਰਾਜਸੀ ਸਿਖਿਆ ਦਾ ਪ੍ਰਬੰਧ ਕਰ ਦਿਤਾ। ਬੜੇ ਬੜੇ ਸਿਆਣੇ ਤੀਰੰਦਾਜ਼, ਤਲਵਾਰ ਦੇ ਧਨੀ ਤੇ ਹੋਰ ਅਸਤਰਾਂ ਸ਼ਸਤਰਾਂ ਦੇ ਮਾਹਰ ਬਾਹਰੋਂ ਸਦੇ ਤੇ ਬੁਧ ਨੇ ਉਨ੍ਹਾਂ ਤੋਂ ਸਾਰੀ ਵਿਦਿਆ ਦਿਨਾਂ ਵਿਚ ਸਿਖ ਲਈ। ਤਰ੍ਹਾਂ ਤਰ੍ਹਾਂ ਦੇ ਦਾਉ ਪੇਚ ਤੇ ਮੋਰਚੇ-ਬੰਦੀ ਦਾ ਵੀ ਗਿਆਨ ਹਾਸਲ ਕਰ ਲਿਆ। ਚੰਗੇ ਉਸਤਾਦਾਂ ਤੋਂ ਕੁਸ਼ਤੀ ਘੁਲਣਾ ਵੀ ਸਿਖ ਲਿਆ। ਘੋੜ ਸਵਾਰੀ ਤੇ ਤਰਨਾ ਤਾਂ ਉਸ ਨੂੰ ਪਹਿਲਾਂ ਹੀ ਆਉਂਦਾ ਸੀ, ਹੁਣ ਉਸ ਨੇ ਇਨ੍ਹਾਂ ਕੰਮਾਂ ਵਿਚ ਹੋਰ ਵੀ ਮੁਹਾਰਤ ਹਾਸਲ ਕਰ ਲਈ।

## ਪੀੜਾ ਦਾ ਅਨੁਭਵ—

ਬੁੱਧ ਨੇ ਪੜ੍ਹਿਆ ਸੁਣਿਆ ਤਾਂ ਬਹੁਤ ਬੁਝ ਸੀ ਪਰ ਦੁਖ ਦਰਦ ਹੁੰਦਾ ਕਦੇ ਕਿਤੇ ਵੇਖਿਆ ਨਹੀਂ ਸੀ ਤੇ ਨਾ ਨਿਜ ਦਾ ਅਨੁਭਵ ਹੀ ਉਨ੍ਹਾਂ ਨੂੰ ਕੋਈ ਸੀ। ਜਦ ਦੇ ਜੰਮੇ ਸਨ ਕਦੇ ਬੀਮਾਰ ਪਏ ਹੀ ਨਹੀਂ ਸਨ, ਜ਼ਖਮੀ ਹੋਏ ਹੀ ਨਹੀਂ ਸਨ। ਅਜ



Digitized by Panjab Digital Library | www.panjabdigilib.org

ਉਨ੍ਹਾਂ ਨੂੰ ਇਸ ਸੰਬੰਧੀ ਪ੍ਰਤੱਖ ਅਨੁਭਵ ਦਾ ਆਪਣੇ ਆਪ ਹੀ ਮੌਕਾ ਮਿਲ ਗਿਆ। ਉਨ੍ਹਾਂ ਦੇ ਕੋਮਲ ਤੇ ਦਿਆਲੂ ਹਿਰਦੇ ਨੇ ਖ਼ੁਦ ਹੀ ਇਕ ਦਰਦ ਪੈਦਾ ਕਰ ਕੇ ਦੇਖ ਲਿਆ ਕਿ ਦਰਦ ਕੀ ਹੁੰਦਾ ਹੈ।

ਬਸੰਤ ਦੀ ਰੁਤ ਸੀ। ਬੁਧ ਆਪਣੇ ਕਈ ਸਾਥੀਆਂ ਨਾਲ ਬਾਗ ਵਿਚ ਟਹਿਲਣ ਗਏ। ਬੜਾ ਸੁੰਦਰ ਨਜ਼ਾਰਾ ਸੀ। ਤਰ੍ਹਾਂ ਤਰ੍ਹਾਂ ਦੇ ਰੰਗ ਬਰੰਗੇ ਫੁਲਾਂ ਨਾਲ ਬਾਗ਼ ਸਜਿਆ ਹੋਇਆ ਸੀ। ਮਿਠੀ ਮਿਠੀ ਹਵਾ ਚਲ ਰਹੀ ਸੀ। ਹਰ ਪਾਸੇ ਖ਼ੁਸ਼ਬੂ ਹੀ ਖ਼ੁਸ਼ਬੂ ਸੀ। ਸਾਥੀ ਏਧਰ ਉਧਰ ਖਿੰਡ ਪੁੰਡ ਗਏ। ਬੁਧ ਇਕ ਰੁਖ ਹੇਠਾਂ ਚੌਕੜੀ ਮਾਰ ਕੇ ਬੈਠ ਗਏ। ਏਨੇ ਨੂੰ ਤੀਰ ਨਾਲ ਵਿਨ੍ਹਿਆਂ ਹੋਇਆ ਇਕ ਜੰਗਲੀ ਹੰਸ ਉਨ੍ਹਾਂ ਦੇ ਸਾਹਮਣੇ ਆ ਡਿਗਾ। ਉਹ ਫੜ-ਫੜਾਉਂਦਾ ਤੜਪ ਰਿਹਾ ਸੀ। ਕਰੁਣਾ-ਸਾਗਰ ਬੁਧ ਝਟ ਉਠੇ ਤੇ ਹੰਸ ਨੂੰ ਕੁਛੜ ਲੈ ਕੇ ਬੈਠ ਗਏ। ਉਸ ਵਿਚ ਖੁਭਾ ਤੀਰ ਉਨ੍ਹਾਂ ਨੇ ਬਾਹਰ ਕਢਿਆ ਤੇ ਆਪਣੇ ਕੋਮਲ ਹਥਾਂ ਨਾਲ ਉਸ ਦੇ ਜ਼ਖ਼ਮ ਨੂੰ ਪੂੰਝਣ ਲਗੇ। ਪੰਛੀ ਫ਼ਰਿਆਦ-ਭਰੀ ਨਿਗ੍ਹਾ ਨਾਲ ਬੁਧ ਵਲ ਦੇਖਣ ਲਗਾ। ਉਸ ਦੀ ਤਰਸ-ਯੋਗ ਹਾਲਤ ਨੂੰ ਦੇਖ ਕੇ ਬੁਧ ਦਾ ਦਿਲ ਭਰ ਆਇਆ ਤੇ ਅਖਾਂ 'ਚੋਂ ਪਾਣੀ ਵਗ ਤੁਰਿਆ। ਉਨ੍ਹਾਂ ਨੇ ਤੀਰ ਚੁਕਿਆ ਤੇ ਆਪਣੀ ਨਾਜ਼ਕ ਬਾਂਹ ਵਿਚ ਖੋਭ ਲਿਆ। ਦੇਖਿਆ, ਦਰਦ ਅਸਲ ਵਿਚ ਕੀ ਹੁੰਦਾ ਹੈ। ਉਹ ਦਇਆ ਨਾਲ ਭਰਪੂਰ ਹੋ ਕੇ ਕਹਿਣ ਲਗੇ, "ਕਿਹਾ ਬੇਤਰਸ ਹੈ ਉਹ ਆਦਮੀ ਜਿਸ ਨੇ ਬਿਨਾਂ ਕਿਸੇ ਕਾਰਨ ਇਸ ਭੋਲੇ ਪੰਛੀ ਨੂੰ ਪੀੜ ਪਹੁੰਚਾਈ ਹੈ। ਆਵੇ ਤਾਂ ਸਹੀ ਮੇਰੇ ਸਾਹਮਣੇ!"



Digitized by Panjab Digital Library | www.panjabdigilib.org

ਹੰਸ ਨੂੰ ਤੀਰ ਮਾਰਿਆ ਸੀ ਬੁਧ ਦੇ ਸਕੇ ਭਰਾ ਦੇਵ ਦੱਤ ਨੇ। ਏਨੇ ਵਿਚ ਦੇਵ ਦੱਤ ਦਾ ਨੌਕਰ ਹੰਸ ਲੈਣ ਆ ਗਿਆ। ਬੁਧ ਨੇ ਕਿਹਾ, "ਜੇਕਰ ਹੰਸ ਨਿਸ਼ਾਨੇ ਨਾਲ ਮਰ ਜਾਂਦਾ ਤਾਂ ਭਲੇ ਹੀ ਮੈਂ ਦੇ ਦਿੰਦਾ, ਪਰ ਕਿਉਂਕਿ ਮੋਇਆ ਨਹੀਂ, ਇਸ ਵਾਸਤੇ ਮੈਂ ਹੁਣ ਨਹੀਂ ਦੇਣਾ।" ਨੌਕਰ ਮੁੜ ਗਿਆ ਤੇ ਉਸ ਨੇ ਦੇਵ ਦਤ ਨੂੰ ਸਾਰੀ ਗੱਲ ਜਾ ਸੁਣਾਈ। ਦੇਵ ਦਤ ਨੇ ਫਿਰ ਨੌਕਰ ਨੂੰ ਭੇਜਿਆ ਤੇ ਕਿਹਾ, "ਕਹਿ ਦੇ ਪੰਛੀ ਮੇਰਾ ਹੈ, ਮੋਇਆ ਹੈ, ਭਾਵੇਂ ਜੀਉਂਦਾ।" ਨੌਕਰ ਨੇ ਏਦਾਂ ਹੀ ਜਾ ਕਿਹਾ। ਸੁਣ ਕੇ ਬੁੱਧ ਬੋਲੇ, "ਮੈਂ ਨਹੀਂ ਦੇਣਾ, ਕਹਿ ਦੇ ਪੰਛੀ ਮੇਰਾ ਹੈ। ਲਖਾਂ ਚੀਜ਼ਾਂ ਵਿਚੋਂ ਇਹ ਮੇਰੀ ਪਹਿਲੀ ਚੀਜ਼ ਹੈ ਜਿਸ ਉਤੇ ਦਇਆ ਤੇ ਪ੍ਰੇਮ ਨੇ ਮੈਨੂੰ ਹੱਕ ਦਿਤਾ ਹੈ। ਮੇਰੇ ਦਿਲ ਵਿਚ ਕੁਝ ਧੜਕਣ ਹੋ ਰਹੀ ਹੈ ਤੇ ਮੇਰਾ ਦਿਲ ਕਹਿੰਦਾ ਹੈ ਕਿ ਮੈਂ ਮਨੁਖਾਂ ਨੂੰ ਦਇਆ ਦੀ ਸਿਖਿਆ ਦਿਆਂਗਾ ਤੇ ਗੁੰਗੇ ਸੰਸਾਰ ਦੀ ਅਗਵਾਈ ਕਰਾਂਗਾ। ਦੁਖ ਤੇ ਸੰਤਾਪ ਦੇ ਜ਼ੋਰ ਨੂੰ ਹਟਾਵਾਂਗਾ। ਕੇਵਲ ਮਨੁਖ ਨੂੰ ਹੀ ਨਹੀਂ, ਪ੍ਰਾਣੀ ਮਾਤਰ ਨੂੰ ਦੁਖਾਂ ਤੋਂ ਛੁਡਾਵਾਂਗਾ। ਜੇ ਦੇਵ ਦਤ ਨੂੰ ਅਜੇ ਵੀ ਇਤਰਾਜ਼ ਹੈ ਤਾਂ ਮਾਮਲਾ ਪੈਂਚਾਂ ਪਾਸ ਲੈ ਚਲੋ।"

ਨੌਕਰ ਨੇ ਉਸ ਤਰ੍ਹਾਂ ਹੀ ਜਾ ਕਿਹਾ ਤੇ ਮਾਮਲਾ ਪੈਂਚਾਂ ਪਾਸ ਜਾ ਪਹੁੰਚਾ। ਪੈਂਚਾਂ ਨੇ ਫ਼ੈਸਲਾ ਬੁੱਧ ਦੇ ਹਕ ਵਿਚ ਦਿਤਾ। ਦੇਵ ਦਤ ਸੜ ਕੇ ਕੋਲੇ ਹੋ ਗਿਆ ਤੇ ਉਸ ਦਿਨ ਤੋਂ ਬੁੱਧ ਦਾ ਵੈਰੀ ਬਣ ਗਿਆ। ਜੀਵਨ ਭਰ ਉਹ ਵੈਰ ਕਰਦਾ ਰਿਹਾ ਤੇ ਆਖ਼ਰ ਵੈਰ ਕਰਦਾ ਕਰਦਾ ਹੀ ਮੋਇਆ।



Digitized by Panjab Digital Library | www.panjabdigilib.org

# ਇਕ ਹੋਰ ਨਜ਼ਾਰਾ –

ਬੁੱਧ ਦੇ ਪਿਤਾ, ਜਿਵੇਂ ਕਿ ਪਿਛੇ ਵੀ ਦਸਿਆ ਹੈ, ਅਸਲ ਵਿਚ ਇਕ ਰਾਜਾ ਨਹੀਂ, ਭੂਮੀ-ਪਤੀ ਸਨ। ਜਦ ਤਕ ਉਹ ਰਾਸ਼ਟਰਪਤੀ ਰਹੇ, ਰਾਜਾ ਕਹਾਉਂਦੇ ਰਹੇ, ਬਾਅਦ ਵਿਚ ਨਹੀਂ। ਇਹ ਬੋਧ ਗ੍ਰੰਥਾਂ ਤੋਂ ਪ੍ਰਮਾਣਤ ਹੈ।

ਇਕ ਵਾਰੀ ਰਾਜਾ ਸ਼ੁਧੋਦਨ ਬੁੱਧ ਨੂੰ ਲੈ ਕੇ ਆਪਣੀ ਇਕ ਜ਼ਮੀਨ ਤੇ ਗਏ। ਜੇਠ ਦਾ ਮਹੀਨਾ ਸੀ। ਸਿਖਰ ਦੁਪਹਿਰ ਸੀ। ਗਰਮੀ ਹੱਦੋਂ ਵਧ ਸੀ। ਫਿਰ ਵੀ ਦੇਖਿਆ ਬੌਲਦ ਤੇ ਕਾਮੇ ਆਪਣੇ ਕੰਮ ਲਗੇ ਹੋਏ ਹਨ, ਭਾਵੇਂ ਗਰਮੀ ਨਾਲ ਉਨ੍ਹਾਂ ਦੀ ਜਾਨ ਨਿਕਲ ਰਹੀ ਹੈ। ਸੋਚਿਆ, ਬੜੀ ਮਿਹਨਤ ਹੈ, ਇਨ੍ਹਾਂ ਦੀ। ਧੰਨ ਹੈ ਕਮਾਈ ਇਨ੍ਹਾਂ ਦੀ। ਅਨ-ਦਾਤਾ ਤਾਂ ਇਹ ਹਨ। ਜਿਹੜੇ ਇਨ੍ਹਾਂ ਤੇ ਜ਼ੁਲਮ ਕਰਦੇ ਹਨ, ਇਨ੍ਹਾਂ ਦਾ ਹੱਕ ਖੋਂਹਦੇ ਹਨ, ਉਹ ਅਸਲ ਜ਼ਾਲਮ ਹਨ, ਅਸਲ ਕਸ ਈ ਹਨ। ਕਿਸੇ ਨੂੰ ਕੀ ਹੱਕ ਹੈ ਇਨ੍ਹਾਂ ਨੂੰ ਲੁੱਟ ਕੇ ਆਪਣੀ ਗੋਗੜ ਵਧਾਏ।

ਸੋਚਦੇ ਸੋਚਦੇ ਬੁੱਧ ਪਿਤਾ ਨਾਲੋਂ ਵਖਰੇ ਹੋ ਕੇ ਇਕ ਖੂਹ ਤੇ ਰੁਖ ਹੇਠਾਂ ਬਹੁਤ ਚਿਰ ਬੈਠੇ ਰਹੇ ਤੇ ਉਸੇ ਹਾਲਤ ਵਿਚ ਪਿਤਾ ਨਾਲ ਘਰ ਨੂੰ ਚਲੇ ਗਏ।

# ਅਸ਼ੋਕ ਉਤਸਵ –

ਪਿਤਾ ਨੇ ਦੇਖਿਆ ਬੁਧ ਦਿਨੋ ਦਿਨ ਵੈਰਾਗ ਵਲ ਝੁਕ ਰਿਹਾ ਹੈ। ਸੰਸਾਰਕ ਸੁਖਾਂ ਨੂੰ ਛਡ ਕੇ ਏਕਾਂਤ ਸੇਵੀ ਹੋ ਰਿਹਾ ਹੈ।



Digitized by Panjab Digital Library | www.panjabdigilib.org

ਜਿਨੀ ਵੀ ਦਿਲ ਪਰਚਾਉਣ ਦੀ ਕੋਸ਼ਸ਼ ਕੀਤੀ ਜਾਂਦੀ ਉਨੀ ਹੀ ਉਹ ਉਦਾਸੀ ਅਖ਼ਤਿਆਰ ਕਰ ਲੈਂਦਾ। ਫਿਰ ਵੀ ਪਿਤਾ ਨੇ ਦਿਲ ਨਾ ਛਡਿਆ ਤੇ ਇਸ ਖ਼ਿਆਲ ਨਾਲ ਕਿ ਇਹ ਸਾਧੂ ਨ ਬਣੇ ਸਗੋਂ ਚਕਰਵਰਤੀ ਰਾਜਾ ਬਣੇ, ਆਪਣਾ ਕੰਮ ਬਾਕਾਇਦਾ ਜਾਰੀ ਰਖਿਆ। ਉਸ ਨੇ ਬੁਧ ਲਈ ਵਖੋ ਵਖਰੀਆਂ ਥਾਵਾਂ ਤੇ ਤਿੰਨ ਮਹਿਲ ਹੋਰ ਬਣਵਾਏ ਜਿਥੇ ਕਿ ਮੌਸਮ ਅਨੁਸਾਰ ਬੁਧ ਆਨੰਦ ਲੈ ਸਕੇ। ਬੁਧ ਦੀ ਉਮਰ ਇਸ ਵੇਲੇ ੧੮ ਵਰ੍ਹਿਆਂ ਦੀ ਹੋ ਗਈ ਸੀ।

ਪਿਤਾ ਨੇ ਵਜ਼ੀਰ ਨਾਲ ਸਲਾਹ ਕੀਤੀ, ਬੁਧ ਦਾ ਦਿਲ ਕਿਸ ਤਰ੍ਹਾਂ ਸੰਸਾਰ ਵਲ ਲਗਾਇਆ ਜਾਵੇ। ਫ਼ੈਸਲਾ ਹੋਇਆ, ਵਿਆਹ ਦੁਆਰਾ। ਵਿਆਹ ਕਿਸ ਸੁੰਦਰੀ ਨਾਲ ਕੀਤਾ ਜਾਏ? ਜਿਸ ਨੂੰ ਕੁਮਾਰ ਸਿਧਾਰਥ ਪਸੰਦ ਕਰੇ। ਇਸ ਵਾਸਤੇ ਇਕ ਤਜਵੀਜ਼ ਬਣਾਈ ਗਈ–ਅਸ਼ੋਕ ਉਤਸਵ ਮਨਾਇਆ ਜਾਵੇ। ਅਸ਼ੋਕ ਰੁਖ ਦੀ ਪੂਜਾ ਕੀਤੀ ਜਾਂਦੀ ਸੀ ਤੇ ਉਸ ਦੇ ਇਰਦ ਗਿਰਦ ਉਤਸਵ ਮਨਾਇਆ ਜਾਂਦਾ ਸੀ। ਐਲਾਨ ਹੋ ਗਿਆ ਤੇ ਉਤਸਵ ਮਨਾਇਆ ਜਾਣ ਲੱਗਾ। ਬੁੱਧ ਵੀ ਉਤਸਵ ਵਿਚ ਸ਼ਾਮਲ ਹੋਏ।

ਫ਼ੈਸਲਾ ਕੀਤਾ ਗਿਆ ਸੀ ਕਿ ਉਤਸਵ ਵਾਲੇ ਦਿਨ ਕੁਮਾਰ ਸਿਧਾਰਥ ਵਿਆਹ-ਯੋਗ ਯੁਵਤੀਆਂ ਨੂੰ ਇਨਾਮ ਵੀ ਆਪਣੇ ਹਥੀਂ ਵੰਡਣਗੇ। ਇਹ ਫ਼ੈਸਲਾ ਵੀ ਸਾਰੇ ਸ਼ਹਿਰ ਨੂੰ ਸੁਣਾ ਦਿਤਾ ਗਿਆ ਤੇ ਇਸ ਵਾਸਤੇ ਖ਼ਾਸ ਤੌਰ ਤੇ ਬੰਦੋਬਸਤ ਕੀਤਾ ਗਿਆ। ਇਕ ਡਾਢੇ ਸੋਹਣੇ ਤੇ ਸਜੇ ਹੋਏ ਸ਼ਾਮਿਆਨੇ ਹੇਠਾਂ ਇਕ ਨਿਹਾਇਤ ਸ਼ਾਨਦਾਰ ਸਿੰਘਾਸਨ ਤੇ ਬੁਧ ਬੈਠੇ ਤੇ ਉਨ੍ਹਾਂ ਦੇ ਕੋਲ ਅਨੇਕ ਵਡ-ਮੁਲੀਆਂ ਸੁਗਾਤਾਂ ਰਖ ਦਿਤੀਆਂ ਗਈਆਂ।



Digitized by Panjab Digital Library | www.panjabdigilib.org

ਸ਼ਹਿਰ ਦੀਆਂ ਮੁਟਿਆਰਾਂ ਆਉਣ ਲਗੀਆਂ ਤੇ ਇਕ ਇਕ ਕਰ ਕੇ ਆਪਣੀਆਂ ਆਪਣੀਆਂ ਸੁਗਾਤਾਂ ਲੈਣ ਲਗੀਆਂ। ਇਸ ਤਰਾਂ ਕਰਦਿਆਂ ਕਰਦਿਆਂ ਸਾਰੀਆਂ ਸੁਗਾਤਾਂ ਮੁਕ ਗਈਆਂ ਤੇ ਅਖ਼ੀਰ ਇਕ ਹੋਰ ਸੁੰਦਰੀ ਆ ਗਈ। ਸੁੰਦਰੀ ਕੀ ਸੀ, ਚੰਦ ਦਾ ਟੁਕੜਾ ਸੀ। ਕੁੰਦਨ ਵਰਗੀ ਦੇਹ, ਕੌਲ ਫੁਲ ਵਰਗਾ ਚਿਹਰਾ ਤੇ ਹਰਨੀ ਵਰਗੀਆਂ ਕਾਲੀਆਂ ਕਾਲੀਆਂ ਮੋਟੀਆਂ ਮੋਟੀਆਂ ਅਖਾਂ। ਵਾਲ ਲੰਮੇ ਤੇ ਮੁਲੈਮ ਪੱਟ ਵਰਗੇ। ਨਾਉਂ ਸੀ ਉਸ ਦਾ ਯਸ਼ੋਧਰਾ। ਵੇਖ ਕੇ ਕੁਮਾਰ ਸਿਧਾਰਥ ਜ਼ਰਾ ਥਮ੍ਹਿਆਂ, ਜਾਣੋ ਯਸ਼ੋਧਰਾ ਦੇ ਰੂਪ ਦਾ ਜਾਦੂ ਉਸ ਤੇ ਚਲ ਗਿਆ।

ਡਾਢੇ ਸੋਹਣੇ ਤੇ ਲਾਲ ਕਮਲ ਵਰਗੇ ਪਤਲੇ ਪਤਲੇ ਹਥ ਜੋੜ ਯਸ਼ੋਧਰਾ ਨੇ ਕਿਹਾ—"ਰਾਜਕੁਮਾਰ! ਮੇਰੇ ਲਈ ਸੁਗਾਤ!"

ਰਾਜ ਕੁਮਾਰ ਨੇ ਝਟ ਆਪਣੇ ਗਲ ਨੂੰ ਹਥ ਪਾਇਆ ਤੇ ਇਕ ਕੀਮਤੀ ਮੋਤੀਆਂ ਦਾ ਹਾਰ ਲਾਹ ਕੇ ਯਸ਼ੋਧਰਾ ਨੂੰ ਦੇ ਦਿਤਾ। ਯਸ਼ੋਧਰਾ ਹਾਰ ਲੈ ਕੇ ਚਲੀ ਗਈ।

ਪਾਸ ਬੈਠੇ ਰਾਜਾ ਸ਼ੁਧੋਦਨ ਤੇ ਉਸ ਦੇ ਚਤਰ ਮੰਤਰੀ ਨੇ ਸਭ ਦੇਖਿਆ ਤੇ ਨਤੀਜਾ ਕਢ ਲਿਆ। ਫ਼ੈਸਲਾ ਹੋਇਆ ਯਸ਼ੋਧਰਾ ਦੇ ਪਿਤਾ ਨੂੰ ਪ੍ਰੇਰਿਆ ਜਾਏ ਕਿ ਉਹ ਆਪਣੀ ਲੜਕੀ ਦਾ ਵਿਆਹ ਬੁਧ ਨਾਲ ਕਰ ਦੇਵੇ।

## ਬੁਧ ਦਾ ਵਿਆਹ —

ਯਸ਼ੋਧਰਾ ਰੋਹਿਣੀ ਨਦੀ ਦੀ ਪੂਰਬ ਦਿਸ਼ਾ ਵਲ ਵਸੇ ਹੋਏ ਨਗਰ ਦੇਵਦਤ ਦੇ ਰਾਜਾ ਦੰਡਪਾਣੀ ਦੀ ਧੀ ਸੀ। ਦੰਡਪਾਣੀ



Digitized by Panjab Digital Library | www.panjabdigilib.org

ਰਾਜਾ ਸ਼ੁਧੋਦਨ ਦਾ ਭਣਵਈਆ ਸੀ ਤੇ ਇਸ ਤਰ੍ਹਾਂ ਯਸ਼ੋਧਰਾ ਬੁੱਧ ਦੇ ਮਾਮੇ ਦੀ ਧੀ ਹੋਈ।

ਰਾਜਾ ਸ਼ੁਧੋਦਨ ਨੇ ਆਪਣੇ ਸਾਲੇ ਕੋਲੋਂ ਆਪਣੇ ਪੁੱਤਰ ਲਈ ਸਾਕ ਦੀ ਮੰਗ ਕੀਤੀ।ਉਸ ਨੇ ਕਿਹਾ,"ਸਾਕ ਮਨਜ਼ੂਰ ਤਾ ਹੈ ਪਰ ਗਲ ਇਹ ਹੈ ਕਿ ਜਿਹੜਾ ਸਾਕ ਤੁਸੀਂ ਚਾਹੁੰਦੇ ਹੋ,ਉਸ ਦੇ ਹੋਰ ਵੀ ਕਈ ਰਾਜ ਕੁਮਾਰ ਚਾਹਵਾਨ ਹਨ। ਚੰਗਾ ਹੋਵੇ ਕਿ ਮੁਕਾਬਲਾ ਕਰਾ ਲਿਆ ਜਾਵੇ। ਤੀਰ ਚਲਾਉਣ, ਘੋੜੇ ਦੀ ਸਵਾਰੀ ਕਰਨ ਤੇ ਤਲਵਾਰ ਚਲਾਉਣ ਵਿਚ ਜਿਹੜਾ ਸਭ ਤੋਂ ਵਧ ਕੇ ਨਿਕਲੇ, ਯਸ਼ੋਧਰਾ ਉਸੇ ਦੇ ਗਲ ਜੈ ਮਾਲਾ ਪਾ ਦੇਵੇ।"

ਇਹ ਗਲ ਸੁਣ ਕੇ ਸ਼ੁਧੋਦਨ ਨਿਰਾਸ ਜਿਹਾ ਹੋ ਕੇ ਸੋਚੀਂ ਪੈ ਗਿਆ। ਪਿਤਾ ਨੂੰ ਸੋਚੀਂ ਡੁਬਾ ਵੇਖ ਕੇ ਬੁਧ ਨੇ ਕਿਹਾ, "ਪਿਤਾ ਜੀ! ਫ਼ਿਕਰ ਨਾ ਕਰੋ। ਮੈਂ ਤਿਆਰ ਹਾਂ ਮੁਕਾਬਲੇ ਲਈ। ਕਹਿ ਦਿਓ, ਮਨਜ਼ੂਰ ਹੈ ਤੇ ਦਿਨ ਮੁਕੱਰਰ ਕਰ ਲਉ।"

ਸ਼ੁਧੋਦਨ ਨੇ ਬੜੀ ਖ਼ੁਸ਼ੀ ਨਾਲ ਕਹਾ ਭੇਜਿਆ, "ਸਾਨੂੰ ਮਨਜ਼ੂਰ ਹੈ ਆਪ ਦੀ ਸ਼ਰਤ। ਜਿਸ ਦਿਨ ਚਾਹੋ ਤਿਆਰ ਹੈ ਸਾਡਾ ਮੁੰਡਾ।"

ਬੜੀ ਖ਼ੁਸ਼ੀ ਹੋਈ ਦੰਡਪਾਣੀ ਨੂੰ ਤੇ ਫ਼ੈਸਲੇ ਦੇ ਸਤਵੇਂ ਦਿਨ ਹੀ ਦੇਵਦਹ ਵਿਚ ਸਵੰਬਰ ਰਚ ਦਿਤਾ ਗਿਆ।

ਰਾਜ ਕੁਮਾਰ ਸਿਧਾਰਥ ਤੋਂ ਛੁਟ ਹੋਰ ਵੀ ਕਈ ਰਾਜ ਕੁਮਾਰ ਮੁਕਾਬਲੇ ਲਈ ਪਹੁੰਚੇ। ਖ਼ੁਦ ਤਿੰਨ ਸ਼ਾਕਯਵੰਸ਼ੀ ਰਾਜ ਕੁਮਾਰ ਵੀ ਸ਼ਾਮਲ ਹੋਏ—ਦੇਵਦੱਤ, ਅਰਜੁਨ ਤੇ ਨੰਦ।

ਬੜੀ ਭੀੜ ਸੀ ਸਵੰਬਰ ਵਿਚ। ਖ਼ੂਬ ਸਜਿਆ ਹੋਇਆ ਸੀ ਮੈਦਾਨ। ਐਨ ਵਕਤ ਸਿਰ ਦਮਾਮਾ ਵਜਿਆ ਤੇ ਕਾਰਵਾਈ



Digitized by Panjab Digital Library | www.panjabdigilib.org

ਸ਼ੁਰੂ ਹੋਈ। ਨੰਦ ਨੇ ਕਿਹਾ, "ਪਹਿਲੇ ਤੀਰੰਦਾਜ਼ੀ ਹੋਵੇ।"

ਤੀਰੰਦਾਜ਼ੀ ਲਈ ਇਕ ਬੜਾ ਭਾਰਾ ਧਨਖ ਮੈਦਾਨ ਵਿਚ ਰਖਿਆ ਗਿਆ ਤੇ ਦੂਰ ਪਈ ਇਕ ਛੋਟੀ ਜੇਹੀ ਚੀਜ਼ ਨੂੰ ਨਿਸ਼ਾਨਾਂ ਲਾਉਣ ਲਈ ਕਿਹਾ ਗਿਆ। ਕਈ ਰਾਜ ਕੁਮਾਰ ਉਠੇ ਪਰ ਨਿਸ਼ਾਨਾਂ ਮਾਰਨਾਂ ਤਾਂ ਇਕ ਪਾਸੇ ਰਿਹਾ, ਧਨਖ ਤੇ ਡੋਰੀ ਤਕ ਵੀ ਨਾ ਚੜ੍ਹਾ ਸਕੇ। ਸ਼ਰਮਿੰਦੇ ਹੋਕੇ ਬੈਠ ਗਏ। ਫਿਰ ਕਪਿਲ ਵਸਤੂ ਦੇ ਰਾਜ ਕੁਮਾਰਾਂ ਦੀ ਵਾਰੀ ਆਈ।ਦੇਵ ਦੱਤ ਤੇ ਅਰਜਨ ਨੇ ਔਖੇ ਸੌਖੇ ਡੋਰੀ ਤਾਂ ਚੜ੍ਹਾ ਲਈ ਪਰ ਨਿਸ਼ਾਨਾਂ ਦੋਹਾਂ 'ਚੋਂ ਕੋਈ ਨਾ ਫੁੰਡ ਸਕਿਆ। ਨੰਦ ਵੀ ਨਾ ਫੁੰਡ ਸਕਿਆ। ਆਖ਼ਰ ਵਾਰੀ ਸਿਧਾ-ਰਥ ਦੀ ਆਈ।ਉਨ੍ਹਾਂ ਉਸ ਗੁੰਦੇ ਹੋਏ ਬੈਂਤ ਦੇ ਕਮਾਨ ਨੂੰ ਚੁਕਿਆ ਜੋ ਕਿ ਤੰਦੀ ਨਾਲ ਬਝਾ ਹੋਇਆ ਸੀ ਤੇ ਚਾਂਦੀ ਦੀਆਂ ਤਾਰਾਂ ਨਾਲ ਕਸਿਆ ਹੋਇਆ ਸੀ। ਜਿਉਂ ਹੀ ਉਨ੍ਹਾਂ ਹੌਲੇ ਜਿਹੇ ਉਸ ਨੂੰ ਟਕੋਰਿਆ ਤੇ ਰੱਸੀ ਨੂੰ ਖਿਚਿਆ ਕਿ ਉਸ ਦੇ ਦੋਵੇਂ ਸਿਰੇ ਜੁੜ ਗਏ ਤੇ ਉਹ ਮੋਟਾ ਬੈਂਤ ਵਿਚ ਟੁਟ ਗਿਆ। ਇਹ ਦੇਖ ਕੇ ਬੋਧੀ ਸਤਵ (ਬੁਧ) ਨੇ ਕਿਹਾ, "ਇਹ ਧਨਖ ਖੇਡ ਲਈ ਹੈ, ਪ੍ਰੇਮ ਲਈ ਨਹੀਂ। ਕੀ ਕਿਸੇ ਕੋਲ ਅਜਿਹਾ ਧਨਖ ਨਹੀਂ ਜਿਹੜਾ ਸਾਕਯ ਵੰਸ਼ੀ ਰਾਜ ਕੁਮਾਰਾਂ ਦੇ ਯੋਗ ਹੋਵੇ ?

ਦੇਵ ਦੱਤ ਬੜਾ ਈਰਖੀ ਤੇ ਦਿਲੋਂ ਬੁਧ ਦਾ ਵੈਰੀ ਸੀ। ਉਸ ਨੇ ਇਕ ਬੜੇ ਭਾਰੇ ਧਨਖ ਦਾ ਪਤਾ ਦਸਿਆ। ਚਾਰ ਬਹਾਦਰ ਗਏ ਤੇ ਬੜੀ ਮੁਸ਼ਕਲ ਨਾਲ ਉਹ ਚੁਕ ਲਿਆਏ। ਬੁਧ ਨੇ ਉਸ ਨੂੰ ਦੋ ਵਾਰੀ ਜਾਚਿਆ ਤੇ ਕਿਹਾ, "ਲੌ ਮਿਤਰੋ, ਹੈ ਕੋਈ ਮਾਈ ਦਾ ਲਾਲ ਇਸ ਨੂੰ ਚੜ੍ਹਾਉਣ ਵਾਲਾ ? ਸ਼ਰਮੋਂ ਕੁਸ਼ਰਮੀ ਫਿਰ ਦੇਵ ਦਤ ਮੈਦਾਨ ਵਿਚ ਆਇਆ ਤੇ ਉਸ ਦੇ ਕੁਝ ਸਾਥੀ



Digitized by Panjab Digital Library | www.panjabdigilib.org

ਵੀ ਪਰ ਧਨਖ ਚੜ੍ਹਾ ਕੋਈ ਵੀ ਨਾ ਸਕਿਆ। ਆਖਰ ਬੁਧ ਨੇ ਸਹਿਜੇ ਹੀ ਉਸ ਨੂੰ ਚੁਕ ਲਿਆ ਤੇ ਉਸ ਤੇ ਡੋਰੀ ਚੜ੍ਹਾ ਕੇ ਉਸ ਨੂੰ ਟਕੋਰਿਆ ਤੇ ਨਿਸ਼ਾਨਾਂ ਫੁੰਡ ਦਿਤਾ। ਦੇਖ ਕੇ ਸਾਰੇ ਖ਼ੁਸ਼ ਹੋ ਗਏ ਤੇ ਤੌੜੀਆਂ ਵੱਜਣ ਲਗ ਪਈਆਂ।

ਫਿਰ ਮੁਕਾਬਲਾ ਸ਼ੁਰੂ ਹੋਇਆ ਤਲਵਾਰ ਦਾ। ਹਮਲਾ ਤੇ ਹਮਲੇ ਤੋਂ ਰਖਿਆ ਦਾ। ਇਸ ਵਿਚ ਵੀ ਬਾਜ਼ੀ ਬੁਧ ਦੇ ਹਥ ਹੀ ਰਹੀ।

ਹੁਣ ਵਾਰੀ ਆਈ ਘੋੜ ਸਵਾਰੀ ਦੀ। ਇਸ ਵਿਚ ਵੀ ਬੋਧੀ ਸੱਤਵ ਮੀਰੀ ਰਹੇ। ਉਨ੍ਹਾਂ ਦੇ ਪਿਆਰੇ ਘੋੜੇ ਨੇ ਤਿੰਨੇ ਵਾਰੀ ਕਿਸੇ ਨੂੰ ਅਗੇ ਨਾ ਨਿਕਲਣ ਦਿਤਾ। ਇਹ ਵੇਖ ਕੇ ਨੰਦ ਨੇ ਕਿਹਾ, "ਇਹ ਨਹੀਂ, ਕੋਈ ਨਵਾਂ ਘੋੜਾ ਮੰਗਾਓ।" ਨਵਾਂ ਘੋੜਾ ਆ ਗਿਆ। ਘੋੜਾ ਵੀ ਬੜਾ ਬਲਵਾਨ ਤੇ ਇਤਨਾ ਤੇਜ਼ ਕਿ ਹਨੇਰੀ ਤੋਂ ਵਧ ਤੇ ਲੋਹੇ ਦੇ ਸੰਗਲਾਂ ਨਾਲ ਬਧਾ ਹੋਇਆ। ਵਾਰੋ ਵਾਰੀ ਸਭ ਰਾਜ ਕੁਮਾਰ ਉਪਰ ਚੜ੍ਹਨ ਲਗੇ, ਪਰ ਘੋੜੇ ਨੇ ਕਿਸੇ ਨੂੰ ਉਪਰ ਨਾ ਚੜ੍ਹਨ ਦਿਤਾ। ਸਿਰਫ ਥੋੜ੍ਹਾ ਚਿਰ ਅਰਜੁਨ ਹੀ ਚੜ੍ਹਿਆ ਤੇ ਉਹ ਵੀ ਮੌਤ ਦੇ ਮੂੰਹੋਂ ਮਸਾਂ ਬਚਿਆ। ਇਹ ਵੇਖ ਕੇ ਲੋਕਾਂ ਆਵਾਜ਼ਾਂ ਦਿਤੀਆਂ, ਸਿਧਾਰਥ ਇਸ ਘੋੜੇ ਤੇ ਨਾ ਚੜ੍ਹੇ, ਇਹ ਬੜਾ ਖ਼ਤਰਨਾਕ ਹੈ। ਪਰ ਸਿਧਾਰਥ ਨੇ ਕੁਝ ਪਰਵਾਹ ਨਾ ਕੀਤੀ ਤੇ ਪਲਾਕੀ ਮਾਰ ਕੇ ਘੋੜੇ ਉਤੇ ਚੜ੍ਹ ਗਏ ਤੇ ਕਈ ਚਕਰ ਕਟੇ। ਘੋੜਾ ਇਉਂ ਦਿਸਣ ਲਗ ਪਿਆ ਜਿਵੇਂ ਵਰ੍ਹਿਆਂ ਦਾ ਸਾਧਿਆ ਤੇ ਸਿਖਾਇਆ ਹੋਇਆ ਹੁੰਦਾ ਹੈ।

ਇਹ ਵੇਖ ਕੇ ਸਾਰੇ ਹੈਰਾਨ ਰਹਿ ਗਏ ਤੇ ਕਹਿਣ ਲਗ ਪਏ, ਬੋਧੀ ਸੱਤਵ ਬਾਜ਼ੀ ਲੈ ਗਏ। ਪਿਤਾ ਨੇ ਇਸ਼ਾਰਾ ਕੀਤਾ ਤੇ



Digitized by Panjab Digital Library | www.panjabdigilib.org

ਯਸ਼ੋਧਰਾਂ ਨੇ ਅਗੇ ਹੋ ਕੇ ਕੁਮਾਰ ਦੇ ਗਲ ਜੈ ਮਾਲਾ ਪਾ ਦਿਤੀ। ਫਿਰ ਇਕ ਦਿਨ ਮੁਕਰਰ ਕਰ ਕੇ ਮਹਾਰਾਜ ਦੰਡ ਪਾਈ ਨੇ ਬੜੀ ਧੂਮ ਧਾਮ ਨਾਲ ਯਸ਼ੋਧਰਾਂ ਦਾ ਵਿਆਹ ਕਰ ਦਿਤਾ।

ਕੁਮਾਰ ਸਿਧਾਰਥ ਹੁਣ ਪੂਰੇ ਗ੍ਰਿਹਸਥੀ ਬਣ ਗਏ।

## ਗ੍ਰਿਹਸਥੀ ਜੀਵਨ—

ਬੁਧ ਨੂੰ ਦੁਨੀਆਂਦਾਰੀ ਵਿਚ ਫਾਹੇ ਰਖਣ ਲਈ ਅਗੇ ਤਾਂ ਇਕਲੇ ਰਾਜਾ ਸ਼ੁਧੋਦਨ ਹੀ ਕੋਸ਼ਿਸ਼ ਕਰਦੇ ਰਹਿੰਦੇ ਸਨ, ਪਰ ਹੁਣ ਉਨ੍ਹਾਂ ਦੇ ਨਾਲ ਯਸ਼ੋਧਰਾ ਵੀ ਮਿਲ ਗਈ।

ਰਾਜਾ ਨੇ ਰਾਜ ਮਹਿਲ ਤੋਂ ਥੋੜੀ ਦੂਰ ਇਕ ਛੋਟੀ ਜਿਹੀ ਪਹਾੜੀ ਤੇ ਬਣੇ ਹੋਏ ਸੋਹਣੇ ਬੰਗਲੇ ਵਿਚ ਸਿਧਾਰਥ ਤੇ ਉਨ੍ਹਾਂ ਦੀ ਇਸਤਰੀ ਯਸ਼ੋਧਰਾਂ ਦੇ ਵਖਰੇ ਹੀ ਰਹਿਣ ਦਾ ਪ੍ਰਬੰਧ ਕਰ ਦਿਤਾ। ਉਥੇ ਹਰ ਪਾਸੇ ਹਰਿਆਵਲ ਹੀ ਹਰਿਆਵਲ ਸੀ। ਤਰ੍ਹਾਂ ਤਰ੍ਹਾਂ ਦੇ ਸੋਹਣੇ ਖ਼ੁਸ਼ਬੂਦਾਰ ਫੁਲ ਤੇ ਵੰਨ ਸੁਵੰਨੇ ਰੁਖ, ਤੇ ਉਨ੍ਹਾਂ ਦੇ ਵਿਚ-ਕਾਹੇ ਜਾ ਰਹੀ ਨਦੀ ਵੇਖ ਕੇ ਕਾਮਦੇਵ ਦਾ ਵੀ ਦਿਲ ਕਰ ਆਉਂਦਾ ਕਿ ਰਤੀ ਨੂੰ ਲੈ ਕੇ ਮੈਂ ਇਥੇ ਹੀ ਰਹਾਂ।

ਬੰਗਲੇ ਦੇ ਅੰਦਰ ਦੀ ਸਜਾਵਟ ਹੋਰ ਵੀ ਜ਼ਿਆਦਾ ਕਲਾ-ਪੂਰਨ ਤੇ ਮਨਮੋਹਣੀ ਸੀ। ਨੌਕਰ ਚਾਕਰ, ਦਾਸ ਦਾਸੀਆਂ ਹਰ ਵੇਲੇ ਹਾਜ਼ਰ ਰਹਿੰਦੇ, ਰਾਗ ਰੰਗ ਤੇ ਨਾਚ ਹੁੰਦਾ ਰਹਿੰਦਾ। ਯਸ਼ੋਧਰਾ ਹਰ ਵੇਲੇ ਖ਼ੁਸ਼ ਤੇ ਹਸਦੀ ਖੇਡਦੀ ਰਹਿੰਦੀ, ਕੋਈ ਗ਼ਮੀ ਤੇ ਚਿੰਤਾ ਨੇੜੇ ਨਾ ਆਉਂਦੀ।

ਰਾਜਾ ਨੇ ਹੁਕਮ ਕਰ ਦਿਤਾ ਕਿ ਬੰਗਲੇ ਵਿਚ ਕੋਈ ਵੀ



Digitized by Panjab Digital Library | www.panjabdigilib.org

ਮੈਲਾ ਕੁਚੈਲਾ ਤੇ ਗੰਦਾ ਮੰਦਾ ਆਦਮੀ ਨਾ ਵੜੇ। ਇਹੋ ਹੀ ਨਹੀਂ, ਸਗੋਂ ਜਿਥੋਂ ਤਕ ਆਦਮੀ ਦੀ ਨਿਗ੍ਹਾ ਜਾ ਸਕਦੀ ਹੈ, ਕੋਈ ਵੀ ਅਜਿਹਾ ਮਰਦ ਔਰਤ ਨੇੜੇ ਨਾ ਆਏ। ਜੋ ਕੋਈ ਵੀ ਇਧਰੋਂ ਲੰਘੇ, ਉਹ ਹਸਦਾ ਗਾਉਂਦਾ ਤੇ ਗਿਧਾ ਪਾਉਂਦਾ ਹੀ ਲੰਘੇ।

ਇਹ ਸਭ ਕੋਸ਼ਸ਼ਾਂ, ਸਾਵਧਾਨੀ ਤੇ ਧੰਦਾਲ ਕਿਉਂ ? ਇਸ ਲਈ ਕਿ ਕੁਮਾਰ ਸਿਧਾਰਥ ਸਾਧੂ ਨਾ ਬਣੇ ਸਗੋਂ ਚਕ੍ਰਵਰਤੀ ਰਾਜਾ ਬਣੇ, ਜਿਵੇਂ ਕਿ ਪਿਛੇ ਵੀ ਦਸਿਆ ਜਾ ਚੁਕਾ ਹੈ।

ਉਧਰ ਕਮਾਰ ਸਿਧਾਰਥ ਇਸ ਕੋਸ਼ਸ਼ ਵਿਚ ਸੀ ਕਿ ਯਸ਼ੋਧਰਾ ਵੀ ਪ੍ਰਸੰਨ ਰਹੇ, ਉਸ ਦਾ ਦਿਲ ਵੀ ਨਾ ਟੁਟੇ ਤੇ ਆਪ ਵੀ ਨਾ ਫਸਿਆ ਜਾਵੇ ! ਵੇਲਾ ਆਉਣ ਤੇ ਸਪ ਦੀ ਕੁੰਜ ਵਾਂਗ ਇਹ ਜ਼ਿੰਦਗੀ ਬਦਲ ਦਿਤੀ ਜਾਵੇ।

# ਦਰਸ਼ਨ –

## ੧.

ਰਾਜ ਮਹਿਲਾਂ ਵਿਚ ਤਰ੍ਹਾਂ ਤਰ੍ਹਾਂ ਦੇ ਸੁਖ ਭੋਗਦਿਆਂ ਇਕ ਦਿਨ ਬੁਧ ਦਾ ਮਨ ਨਗਰ ਦੀ ਸੈਰ ਨੂੰ ਕਰ ਆਇਆ। ਉਨ੍ਹਾਂ ਨੇ ਪਿਤਾ ਨੂੰ ਕਿਹਾ। ਪਿਤਾ ਨੇ ਆਗਿਆ ਦੇਣ ਤੋਂ ਪਹਿਲੋਂ ਨਗਰ ਵਿਚ ਢੰਡੋਰਾ ਫਿਰਵਾ ਦਿਤਾ ਕਿ ਕੁਮਾਰ ਸਿਧਾਰਥ ਨਗਰ ਦੀ ਸੈਰ ਲਈ ਆ ਰਹੇ ਹਨ, ਨਗਰ ਨੂੰ ਖ਼ੂਬ ਸਜਾਇਆ ਜਾਵੇ। ਜਿਧਰੋਂ ਦੀ ਕੁਮਾਰ ਲੰਘੇ ਉਸ ਰਾਹ ਵਿਚ



Digitized by Panjab Digital Library | www.panjabdigilib.org

ਕੋਈ ਘਿਨੌਣੀ ਚੀਜ਼ ਨਜ਼ਰ ਨਾ ਆਵੇ। ਕੋਈ ਦੁਖ ਸੋਗ ਦਿਖਾਈ ਨਾ ਦੇਵੇ। ਸਭ ਹਸਦੇ ਖੇਡਦੇ ਨਜ਼ਰ ਆਉਣ।

ਰਾਜਾ ਪਰਜਾ ਨੂੰ ਬਹੁਤ ਪਿਆਰਾ ਸੀ। ਪਰਜਾ ਉਸ ਦੀ ਇਕ ਇਕ ਗਲ ਉਤੇ ਅਮਲ ਕਰਦੀ ਸੀ ਤੇ ਉਸ ਨੂੰ ਸੁਖ ਪਹੁੰਚਾਉਂਦੀ ਸੀ। ਪਰਜਾ ਨੇ ਖ਼ੂਬ ਸ਼ਹਿਰ ਨੂੰ ਸਜਾਇਆ।

ਮੁਕਰਰਾ ਵਕਤ ਉਤੇ ਕੁਮਾਰ ਸਿਧਾਰਥ ਸੋਨੇ ਚਾਂਦੀ ਦੇ ਪਤਰਿਆਂ ਨਾਲ ਮੜ੍ਹੇ ਹੋਏ ਇਕ ਸੁੰਦਰ ਰਥ ਉਤੇ ਚੜ੍ਹ ਕੇ ਸ਼ਹਿਰ ਦੀ ਸੈਰ ਨੂੰ ਨਿਕਲੇ। ਰਥ ਚਲਾਉਣ ਵਾਲੇ ਸਾਰਥੀ ਦਾ ਨਾਂ ਸੀ ਛੰਦਕ।

ਕੁਮਾਰ ਰਥ ਤੇ ਬੈਠੇ ਨਗਰ ਦੀ ਸ਼ੋਭਾ ਵੇਖ ਰਹੇ ਸਨ। ਜਨਤਾ ਕਤਾਰਾਂ ਬੰਨ੍ਹੀ ਬਜ਼ਾਰਾਂ ਵਿਚ ਇਕ ਉਤੇ ਇਕ ਚੜ੍ਹੀ, ਦੁਕਾਨਾਂ ਤੇ, ਤੇ ਘਰਾਂ ਦੇ ਬੰਨ੍ਹਿਆਂ ਤੇ ਖੜੀ ਕੁਮਾਰ ਦੀ ਜੈ ਜੈ ਕਾਰ ਕਰਦੀ ਹੋਈ ਫੁਲ ਵਰਸਾ ਰਹੀ ਸੀ। ਟਰੈਫ਼ਿਕ ਵਾਲੇ ਸਿਪਾਹੀ ਟਰੈਫ਼ਿਕ ਠੀਕ ਰਖ ਕੇ ਆਪਣਾ ਫ਼ਰਜ਼ ਨਿਭਾ ਰਹੇ ਸਨ। ਇਤਨੇ ਵਿਚ ਇਕ ਬਹੁਤ ਬੁਢਾ ਆਦਮੀ, ਜਿਸ ਦੀ ਕਿ ਖਲ ਸਾਰੀ ਸੁੰਗੜੀ ਪਈ ਸੀ, ਅਖੋਂ ਅੰਨ੍ਹਾ ਸੀ ਤੇ ਕੰਨੋਂ ਬੋਲਾ ਸੀ, ਲੱਤਾਂ ਕੰਬ ਰਹੀਆਂ ਸਨ, ਸੋਟੀ ਦੇ ਸਹਾਰੇ ਭੀੜ ਚੀਰਦਾ ਚੀਰਦਾ ਬਦੋ ਬਦੀ ਰਥ ਦੇ ਅਗੇ ਆ ਖਲੋਤਾ। ਉਸ ਦੀ ਇਹ ਤਰਸ-ਯੋਗ ਹਾਲਤ ਵੇਖ ਕੇ ਬੁਧ ਨੇ ਪੁਛਿਆ, "ਛੰਦਕ, ਇਹ ਕੌਣ ਹੈ? ਇਸ ਦਾ ਇਹ ਹਾਲ ਕਿਉਂ ਹੋਇਆ?"



Digitized by Panjab Digital Library | www.panjabdigilib.org

ਛੰਦਕ ਨੇ ਕਿਹਾ, "ਕੁਮਾਰ! ਰੂਪ ਦੀ ਹਤਿਆ ਕਰਨ ਵਾਲਾ, ਤਾਕਤ ਦਾ ਦੁਸ਼ਮਣ, ਸ਼ੋਕ ਪੈਦਾ ਕਰਨ ਵਾਲਾ, ਆਨੰਦ ਮਾਰਨ ਵਾਲਾ, ਯਾਦਾਸ਼ਤ ਨੂੰ ਤਬਾਹ ਕਰਨ ਵਾਲਾ, ਇੰਦ੍ਰੀਆਂ ਦਾ ਵੈਰੀ, ਇਹ ਬੁਢਾਪਾ ਹੈ, ਜਿਸ ਨੇ ਇਸ ਵਿਚਾਰੇ ਨੂੰ ਭੰਨ ਸੁਟਿਆ ਹੈ। ਬੁਢਾਪੇ ਤੋਂ ਪਹਿਲੇ ਇਹ ਵੀ ਸੁੰਦਰ ਸੀ। ਨਾ ਬੋਲਾ ਸੀ, ਨਾ ਅੰਨ੍ਹਾ। ਖ਼ੂਬ ਖਾਂਦਾ ਪੀਂਦਾ ਤੇ ਚਲਦਾ ਫਿਰਦਾ ਸੀ।"

ਬੁੱਧ ਨੇ ਪੁਛਿਆ, "ਛੰਦਕ! ਕੀ ਇਹ ਅਵਸਥਾ ਮੇਰੀ ਵੀ ਇਕ ਦਿਨ ਹੋਊ ਤੇ ਨਾਲ ਹੀ ਯਸ਼ੋਧਰਾ ਦੀ ਵੀ?"

ਛੰਦਕ ਨੇ ਕਿਹਾ, "ਹਾਂ, ਕੁਮਾਰ ਇਤਨੀ ਉਮਰ ਤੇ ਸਭ ਦੀ ਹੁੰਦੀ ਹੈ।"

ਬੁੱਧ ਨੇ ਲੰਮਾ ਸਾਹ ਲਿਆ ਤੇ ਸਿਰ ਕੰਬਾ ਕੇ ਉਸ ਬੁਢੇ ਨੂੰ ਵੇਖਿਆ। ਫਿਰ ਆਖਣ ਲੱਗੇ, "ਬੁਢਾਪਾ ਇਸ ਤਰ੍ਹਾਂ ਅਕਲ, ਸ਼ਕਲ ਤੇ ਬਲ ਵੀਰਜ ਦੀ ਬਿਨਾਂ ਭੇਦ ਭਾਵ ਤੋਂ ਹਤਿਆ ਕਰਦਾ ਹੈ ਤੇ ਇਹ ਸਭ ਕੁਝ ਪ੍ਰਤੱਖ ਦੇਖਣ ਤੇ ਵੀ ਲੋਕੀਂ ਨਹੀਂ ਸਮਝਦੇ। ਹੁਸ਼ਿਆਰ ਨਹੀਂ ਹੁੰਦੇ। ਸਾਰਥੀ! ਲੈ ਚਲ ਰਥ ਪਿਛਾਂਹ ਨੂੰ। ਮੇਰਾ ਦਿਲ ਬਹੁਤ ਘਬਰਾ ਰਿਹਾ ਹੈ।"


ਛੰਦਕ ਰਥ ਮੋੜ ਲਿਆਇਆ ਤੇ ਕੁਮਾਰ ਘਰ ਆ ਕੇ ਇਕ ਨੁਕਰੇ ਬੈਠ ਕੇ ਸੋਚਣ ਲਗੇ—ਜੇ ਬੁਢਾਪਾ ਜ਼ਰੂਰ ਘੇਰਦਾ ਹੈ ਮਨੁਖ ਨੂੰ ਤਾਂ ਮਨੁਖ ਜਵਾਨੀ ਦੀ ਮਸਤੀ ਵਿਚ ਬੈਠਾ ਕਿਉਂ ਦਿਨ ਗੁਜ਼ਾਰਦਾ ਹੈ, ਕਿਉਂ ਨਹੀਂ ਇਸ ਨੂੰ ਦੂਰ ਕਰਨ ਦੀ ਕੋਸ਼ਸ਼ ਕਰਦਾ। ਨਿਸ਼ਚੇ ਹੀ ਉਪਾਓ ਹੋ ਸਕਦਾ ਹੈ ਤੇ ਮੈਂ ਉਪਾਉ ਲਭਾਂਗਾ।

੨.

ਉਪਰਲੀ ਘਟਨਾ ਤੋਂ ਥੋੜੇ ਦਿਨ ਬਾਅਦ ਬੁੱਧ ਨੇ ਫਿਰ



Digitized by Panjab Digital Library / www.panjabdigilib.org



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸੈਰ ਕਰਨ ਦੀ ਖਾਹਿਸ਼ ਜ਼ਾਹਿਰ ਕੀਤੀ ਤੇ ਰਾਜਾ ਨੇ ਫਿਰ ਪਹਿਲੇ ਵਾਂਗੂੰ ਹੀ ਸ਼ਹਿਰ ਵਿਚ ਢੰਡੋਰਾ ਫਿਰਾ ਦਿੱਤਾ ਤੇ ਬੰਦੋਬਸਤ ਕਰ ਦਿੱਤਾ।

ਇਸ ਵਾਰੀ ਸਾਮ੍ਹਣੇ ਇਕ ਰੋਗੀ ਆ ਗਿਆ। ਹਾਲਾਂ ਕਿ ਐਤਕੀਂ ਰਸਤਾ ਬਦਲ ਕੇ ਰਥ ਸ਼ਹਿਰ ਵਿਚ ਆ ਰਿਹਾ ਸੀ। ਰੋਗੀ ਬਹੁਤ ਬੁਰੀ ਹਾਲਤ ਵਿਚ ਸੀ ਤੇ ਘਰ ਵਾਲਿਆਂ ਨੇ ਉਸ ਨੂੰ ਧੁਪੇ ਲਿਟਾ ਰਖਿਆ ਸੀ। ਉਹ ਉਸ ਦੇ ਮਰਨ ਦੀਆਂ ਘੜੀਆਂ ਗਿਣ ਰਹੇ ਸਨ।

ਜਿਉਂ ਹੀ ਬੁਧ ਦੀ ਨਿਗ੍ਹਾ ਉਸ ਉਤੇ ਪਈ, ਉਨ੍ਹਾਂ ਰਥ ਖੜਾ ਕਰ ਲੈਣ ਦਾ ਹੁਕਮ ਦੇ ਦਿਤਾ ਤੇ ਛੰਦਕ ਨੂੰ ਆਖਣ ਲਗੇ, "ਛੰਦਕ! ਇਹ ਕੌਣ ਹੈ, ਜਿਸ ਦਾ ਪੇਟ ਫੁਲਿਆ ਹੋਇਆ ਹੈ, ਸਾਹ ਨਾਲ ਸਰੀਰ ਕੰਬ ਰਿਹਾ ਹੈ, ਮੋਢੇ ਤੇ ਡੌਲੇ ਢਿਲੇ ਪਏ ਹੋਏ ਹਨ, ਸਰੀਰ ਸੁਕਾ ਪਿਆ ਤੇ ਪੀਲਾ ਪਿਆ ਹੋਇਆ ਹੈ, ਦੂਸਰੇ ਦਾ ਸਹਾਰਾ ਲੈ ਕੇ ਵੀ ਬੜੀ ਔਖਿਆਈ ਨਾਲ ਪਾਸਾ ਪਰਤ ਰਿਹਾ ਹੈ ਤੇ ਮੂੰਹੋਂ ਬੜੇ ਦੁਖੀ ਦਿਲ ਨਾਲ ਹਾਏ ਮਾਂ, ਹਾਏ ਮਾਂ ਕਹਿ ਰਿਹਾ ਹੈ?"

ਛੰਦਕ ਆਖਣ ਲਗਾ, "ਕੁਮਾਰ! ਇਸ ਨੂੰ ਰੋਗ ਲਗ ਗਿਆ ਹੈ ਤੇ ਇਸ ਦੇ ਮਰਨ ਦਾ ਸਮਾਂ ਨੇੜੇ ਆ ਗਿਆ ਹੈ। ਇਸ ਦੀ ਸਿਹਤ ਤੇ ਤਾਜ਼ਗੀ ਜਾਂਦੀ ਰਹੀ ਹੈ। ਇਸ ਦੇ ਬਚਣ ਦੀ ਕੋਈ ਉਮੀਦ ਨਹੀਂ ਤੇ ਇਹ ਲਾਚਾਰ ਹੋ ਕੇ ਇਥੇ ਪਿਆ ਹੈ।"

ਕੁਮਾਰ ਬੋਲੇ, "ਛੰਦਕ! ਵਿਹ ਦੋਸ਼ ਕੇਵਲ ਇਸੇ ਨੂੰ ਹੀ ਹੋਇਆ ਹੈ ਕਿ ਬਿਨਾਂ ਭੇਦ ਭਾਵ ਤੋਂ ਸਭ ਨੂੰ ਹੋ ਸਕਦਾ ਹੈ?"

ਛੰਦਕ ਆਖਣ ਲਗਾ, "ਅਸਲ ਗਲ ਤਾਂ ਇਹ ਹੈ ਕਿ



Digitized by Panjab Digital Library | www.panjabdigilib.org

ਰੋਗਾਂ ਨਾਲ ਸਾਰੀ ਦੁਨੀਆਂ ਗ੍ਰੱਸੀ ਪਈ ਹੈ ਤੇ ਸਮਝਦੀ ਕੁਝ ਨਹੀਂ। ਲੋਕ ਕਸ਼ਟ ਵਿਚ ਹਨ ਤੇ ਖ਼ਤਰੇ ਵਿਚ ਹਨ, ਪਰ ਫਿਰ ਵੀ ਮੌਜਾਂ ਕਰਦੇ ਹਨ।

ਬੁਧ ਬੋਲੇ, "ਸਾਰਥੀ! ਜੇ ਇਹੋ ਗਲ ਹੈ ਕਿ ਅਰੋਗਤਾ ਸੁਪਨੇ ਦੇ ਖੇਲ ਵਾਂਗ ਹੈ ਤੇ ਰੋਗਾਂ ਦਾ ਅਜਿਹਾ ਭਿਆਨਕ ਖ਼ਤਰਾ ਇਸ ਦੇ ਪਿਛੇ ਲਗਾ ਹੋਇਆ ਹੈ ਤਾਂ ਫਿਰ ਕਿਹੜਾ ਅਜਿਹਾ ਮੂਰਖ ਹੈ ਜੋ ਐਸ਼ ਆਰਾਮ ਵਿਚ ਮਸਤ ਰਹਿ ਸਕਦਾ ਹੈ ਤੇ ਦੁਨੀਆਂ ਨੂੰ ਸੁਖਾਂ ਦੀ ਖਾਨ ਕਹਿਣ ਦਾ ਦਾਅਵਾ ਕਰ ਸਕਦਾ ਹੈ! ਰਥ ਵਾਪਸ ਲੈ ਚਲ, ਮੈਂ ਅਗਾਂਹ ਨਹੀਂ ਜਾਣਾ।"

ਛੰਦਕ ਰਥ ਵਾਪਸ ਲੈ ਆਇਆ ਤੇ ਕੁਮਾਰ ਮਹਿਲਾਂ ਵਿਚ ਬੈਠ ਕੇ ਫਿਰ ਸੋਚੀਂ ਪੈ ਗਏ ਕਿ ਕਿਹੜਾ ਢੰਗ ਹੋਵੇ ਜਿਸ ਨਾਲ ਬੁਢਾਪਾ ਤੇ ਰੋਗ ਮਨੁਖ ਨੂੰ ਨਾ ਘੇਰਨ।

੩

ਤੀਸਰੀ ਵਾਰੀ ਫਿਰ ਕੁਮਾਰ ਸਿਧਾਰਥ ਨੇ ਸੈਰ ਦੀ ਇਛਾ ਪ੍ਰਗਟ ਕੀਤੀ। ਰਾਜਾ ਸ਼ੁਧੋਦਨ ਨੇ ਐਤਕੀਂ ਹੋਰ ਜ਼ਿਆਦਾ ਸਾਵਧਾਨੀ ਦੀ ਸਭ ਨੂੰ ਤਾਕੀਦ ਕਰ ਦਿਤੀ। ਫਿਰ ਵੀ ਇਕ ਘਟਨਾ ਹੋ ਹੀ ਗਈ। ਕਿਸੇ ਦਾ ਇਕ ਨੜੋਆ ਸਾਹਮਣੇ ਆ ਗਿਆ। ਕੁਮਾਰ ਨੇ ਕਦੇ ਕਿਸੇ ਦਾ ਨੜੋਆ ਨਹੀਂ ਸੀ ਵੇਖਿਆ। ਬੜੀ ਹੈਰਾਨੀ ਨਾਲ ਪੁਛਿਆ, "ਛੰਦਕ! ਇਸ ਆਦਮੀ ਨੂੰ ਕਪੜੇ ਵਿਚ ਲਪੇਟ ਕੇ ਤੇ ਮੰਜੇ ਤੇ ਲੰਮਿਆਂ ਪਾ ਕੇ ਕਿਉਂ ਚੁਕੀ ਫਿਰਦੇ ਹਨ? ਕਿਥੇ ਜਾ ਰਹੇ ਹਨ? ਨਾਲ ਪਿਟੀ ਕਿਉਂ ਜਾਂਦੇ ਹਨ? ਰਾਹ ਦਾ ਘੱਟਾ ਕਿਉਂ ਚੁਕ ਚੁਕ ਕੇ ਸਿਰਾਂ ਤੇ ਪਾਈ ਜਾ ਰਹੇ ਹਨ?"



Digitized by Panjab Digital Library | www.panjabdigilib.org

ਛੰਦਕ ਆਖਣ ਲੱਗਾ, "ਜੰਬੂ ਦੀਪ ਵਿਚ ਇਸ ਨੂੰ "ਮ੍ਰਿਤ' ਕਹਿੰਦੇ ਹਨ। ਇਹ ਹੁਣ ਆਪਣੇ ਪਿਛਲਿਆਂ ਨੂੰ ਨਹੀਂ ਦੇਖ ਸਕਦਾ। ਸਭ ਕੁਝ ਛੱਡ ਛੱਡਾ ਕੇ ਪਰਲੋਕ ਨੂੰ ਜਾ ਰਿਹਾ ਹੈ, ਮਰ ਗਿਆ ਹੈ।"

ਛੰਦਕ ਦੀ ਇਹ ਗਲ ਸੁਣ ਕੇ ਕੁਮਾਰ ਸਿਧਾਰਥ ਦੇ ਨੇਤਰ ਭਰ ਆਏ ਤੇ ਉਹ ਬੋਲੇ, "ਸਾਰਥੀ! ਜਵਾਨੀ ਨੂੰ ਧਿਕਾਰ ਹੈ ਕਿਉਂਕਿ ਉਸ ਦੇ ਪਿਛੇ ਬੁਢਾਪਾ ਲੱਗਾ ਹੋਇਆ ਹੈ। ਅਰੋਗਤਾ ਨੂੰ ਧਿੱਕਾਰ ਹੈ ਕਿਉਂਕਿ ਉਸ ਦੇ ਪਿਛੇ ਅਨੇਕ ਬੀਮਾਰੀਆਂ ਉਸ ਨੂੰ ਖਾਈ ਜਾਂਦੀਆਂ ਹਨ, ਜ਼ਿੰਦਗੀ ਨੂੰ ਧਿਕਾਰ ਹੈ ਕਿਉਂਕਿ ਉਹ ਸਦੀਵੀ ਨਹੀਂ ਤੇ ਉਸ ਪੜ੍ਹੇ ਲਿਖੇ ਮਨੁਖ ਨੂੰ ਵੀ ਧਿਕਾਰ ਹੈ ਜੋ ਇਹ ਸਭ ਕੁਝ ਜਾਣਦਾ ਹੋਇਆ ਵੀ ਐਸ਼-ਪ੍ਰਸਤੀ ਵਿਚ ਮਸਤ ਹੈ ਜੇ ਸੰਸਾਰ ਵਿਚ ਬੁਢਾਪਾ, ਰੋਗ ਤੇ ਮੌਤ ਨਾ ਵੀ ਹੋਵੇ ਤਾਂ ਵੀ ਸੰਸਾਰ ਪੰਜ ਸਕੰਧ ਹੋਣ ਕਰ ਕੇ ਦੁਖਾਂ ਦਾ ਖ਼ਜਾਨਾ ਹੈ। ਇਸ ਲਈ ਲੈ ਚਲ ਰਥ ਘਰ ਨੂੰ। ਮੈਂ ਨਹੀਂ ਜਾਣਾ ਅਗ੍ਹਾਂ। ਘਰ ਬੈਠ ਕੇ ਸੋਚਾਂਗਾ, ਕਿਸ ਤਰ੍ਹਾਂ ਛੁਟਕਾਰਾ ਹੋਵੇ, ਇਨ੍ਹਾਂ ਦੁਖਾਂ ਤੋਂ।

ਕੁਮਾਰ ਸਿਧਾਰਥ ਘਰ ਆ ਗਏ ਤੇ ਫਿਰ ਇਕ ਨੁਕਰੇ ਬੈਠ ਕੇ ਸੋਚਣ ਲਗੇ—ਕਿਸ ਤਰ੍ਹਾਂ ਦੁਖਾਂ ਦਾ ਨਾਸ ਹੋਵੇ।

ਯਸ਼ੋਧਰਾ ਦਿਨ ਪਰ ਦਿਨ ਆਪਣੀ ਵਧ ਰਹੀ ਨਾ-ਕਾਮਯਾਬੀ ਦੇਖ ਕੇ ਮਨ ਹੀ ਮਨ ਵਿਚ ਬੜੀ ਦੁਖੀ ਹੁੰਦੀ ਹੀ ਪਰ ਉਪਰੋਂ ਕੁਝ ਕਹਿ ਨਹੀਂ ਸੀ ਸਕਦੀ। ਉਪਰੋਂ ਸਦਾ ਗੁਲਾਬ ਦੇ ਫੁੱਲ ਵਾਂਗੂੰ ਖਿੜੀ ਰਹਿੰਦੀ।



Digitized by Panjab Digital Library | www.panjabdigilib.org

## ਵੈਰਾਗ —

ਜਿਸ ਦਿਨ ਤੋਂ ਕੁਮਾਰ ਸਿਧਾਰਥ ਸੈਰ ਕਰ ਕੇ ਆਏ, ਹੋਰ ਜ਼ਿਆਦਾ ਉਦਾਸ ਰਹਿਣ ਲਗੇ। ਰਾਜਾ ਨੇ ਅਗੇ ਨਾਲੋਂ ਹੋਰ ਵਧੀਕ ਐਸ਼ ਇਸ਼ਰਤ ਦੇ ਸਾਧਨ ਲਿਆ ਜਮਾਂ ਕੀਤੇ ਤਾਂ ਜੋ ਕੁਮਾਰ ਸਿਧਾਰਥ ਦਾ ਮਨ ਕਿਸੇ ਪਾਸੇ ਲਗੇ ਤੇ ਇਹ ਉਦਾਸੀ ਛਡੇ। ਯਸ਼ੋਧਰਾ ਦੀ ਵੀ ਇਛਾ ਸੀ ਕਿ ਕਿਸੇ ਤਰ੍ਹਾਂ ਪਤੀ ਦੇਵ ਪ੍ਰਸੰਨ ਰਹਿਣ ਤੇ ਖਾਨਦਾਨ ਬਣਿਆ ਰਹੇ।

ਰਾਜ਼ਾ ਦੇ ਕੁਲ ਪਰੋਹਤ ਦਾ ਪੁਤਰ ਉਦਾਯੀ ਬੁਧ ਦਾ ਮਿੱਤਰ ਸੀ ਤੇ ਉਹ ਵੀ ਇਨ੍ਹਾਂ ਸਾਰਿਆਂ ਨਾਲ ਸ਼ਾਮਲ ਸੀ—ਬੁਧ ਨੂੰ ਇਕ ਚਕ੍ਰਵਰਤੀ ਰਾਜਾ ਹੀ ਵੇਖਣ ਵਿਚ। ਉਸ ਨੇ ਬੜੀ ਕੋਸ਼ਸ਼ ਕੀਤੀ; ਗਾਉਣ ਨੱਚਣ ਵਾਲੀਆਂ ਨੂੰ ਉਤਸ਼ਾਹਤ ਕੀਤਾ। ਉਨ੍ਹਾਂ ਦੇ ਪੂਰਬਲੇ ਇਤਿਹਾਸ ਦਸ ਦਸ ਕੇ ਬੁਧ ਨੂੰ ਸਮਝਾਇਆ—ਪ੍ਰੇਮ ਦੀ ਮਹਿਮਾਂ ਸਮਝਾ ਸਮਝਾ ਕੇ। ਦਸਿਆ ਕਿਸ ਤਰ੍ਹਾਂ ਪੁਰਾਣੇ ਜ਼ਮਾਨੇ ਵਿਚ ਬੜੇ ਬੜੇ ਰਿਖੀਆਂ ਨੇ ਪ੍ਰੇਮ ਦਾ ਮਦਰਾ ਪੀਤਾ ਤੇ ਜੀਵਨ ਦਾ ਆਨੰਦ ਲਿਆ। ਪਰ ਬੁਧ ਤੇ ਕੋਈ ਅਸਰ ਨਾ ਹੋਇਆ। ਉਨ੍ਹਾਂ ਕਿਹਾ, "ਉਦਾਯੀ! ਜੇਕਰ ਜੀਵਨ ਹੀ ਝੂਠਾ ਹੈ, ਇਹ ਸੰਸਾਰ ਹੀ ਮਿਥਿਆ ਹੈ, ਹਰ ਚੀਜ਼ ਨਾਸ਼ਵਾਨ ਹੈ ਤਾਂ ਫਿਰ ਮੋਹ ਕਾਹਦਾ ਤੇ ਕਿੰਨੇ ਦਿਨ? ਪਤਾ ਹੀ ਨਹੀਂ, ਕਿਸ ਵੇਲੇ ਕਿਸ ਚੀਜ਼ ਨੇ ਖੁਸ ਜਾਣਾ ਹੈ ਤਾਂ ਫਿਰ ਦਾਹਵਾ ਕਾਹਦਾ? ਕਿਸੇ ਤੇ? ਕਿਉਂ ਆਪਣੇ ਮਨ ਨੂੰ ਗੁਲਾਮ ਬਣਾਇਆ ਜਾਏ ਇੰਦਰੀਆਂ ਦਾ। ਕਿਉਂ ਨਾ ਜੀਵਨ ਦਾ ਇਕ ਇਕ ਛਿਨ ਦੁਖੀ ਲੋਕਾਂ ਲਈ ਲਗਾਇਆ ਜਾਏ ਤੇ ਉਨ੍ਹਾਂ ਨੂੰ



Digitized by Panjab Digital Library | www.panjabdigilib.org

ਸੁਖ ਪਹੁੰਚਾਇਆ ਜਾਏ।"

ਇਸ ਤਰ੍ਹਾਂ ਕਰਦਿਆਂ ਕਰਦਿਆਂ ਕਈ ਦਿਨ ਬੀਤ ਗਏ। ਆਖ਼ਰ ਇਕ ਦਿਨ ਬੁਧ ਨੇ ਸਾਰਥੀ ਨੂੰ ਕਿਹਾ, "ਸਾਰਥੀ! ਰਥ ਲੈ ਆ! ਬਗੀਚੇ ਨੂੰ ਚਲਾਂਗੇ।" ਉਹ ਫੌਰਨ ਰਥ ਲੈ ਆਇਆ। ਬੁਧ ਬਗੀਚੇ ਵਿਚ ਪੁਜੇ ਤੇ ਰਥ ਤੋਂ ਉਤਰ ਕੇ ਇਕ ਦਰਖਤ ਦੇ ਹੇਠਾਂ ਬੈਠ ਗਏ। ਸੋਚ ਰਹੇ ਸਨ ਕਿ ਕੀ ਰਸਤਾ ਇਖਤਿਆਰ ਕਰੀਏ, ਕਿਸ ਤਰ੍ਹਾਂ ਚਿੱਤ ਸ਼ਾਂਤ ਹੋਵੇ ਤੇ ਲੋਕਾਂ ਨੂੰ ਸ਼ਾਂਤੀ ਮਿਲੇ ਕਿ ਕੀ ਦੇਖਦੇ ਹਨ, ਸਾਹਮਣੇ ਇਕ ਸਾਧੂ ਆ ਰਿਹਾ ਹੈ। ਉਸ ਨੇ ਭਗਵੇ ਕਪੜੇ ਪਾਏ ਹੋਏ ਹਨ ਤੇ ਚਿਹਰਾ ਹਸੂੰ ਹਸੂੰ ਕਰ ਰਿਹਾ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ਇਸ ਦੇ ਅੰਦਰ ਨਾ ਦੁਖ ਹੈ ਨਾਂ ਸ਼ੋਕ, ਨਾ ਰਾਗ ਹੈ ਨਾ ਦ੍ਵੈਸ਼, ਇੰਦ੍ਰੀਆਂ ਤੇ ਇਸ ਦਾ ਪੂਰਾ ਪੂਰਾ ਕਬਜ਼ਾ ਹੈ।

ਬੁਧ ਦੇ ਦਿਲ ਵਿਚ ਇਸ ਤਪੋਧਨ ਤੇ ਤੇਜਸਵੀ ਸਾਧੂ ਵਾਸਤੇ ਬੜੀ ਸ਼ਰਧਾ ਪੈਦਾ ਹੋਈ। ਉਨ੍ਹਾਂ ਪੁਛਿਆ, "ਮਹਾਤਮਾ ਜੀ, ਆਪ ਕੌਣ ਹੋ?"

"ਮੈਂ ਇਕ ਸਾਧੂ ਹਾਂ। ਮੇਰਾ ਨਾ ਕੋਈ ਘਰ ਹੈ ਨਾ ਘਾਟ, ਜਿਥੇ ਜਗ੍ਹਾ ਮਿਲੀ ਰਹਿ ਲਿਆ ਤੇ ਜੋ ਲਭਾ ਖਾ ਲਿਆ। ਸੰਸਾਰ ਦੇ ਸੁਖ ਆਰਾਮ ਮੈਨੂੰ ਚੰਗੇ ਨਹੀਂ ਲਗਦੇ। ਮੈਂ ਉਨ੍ਹਾਂ ਤੋਂ ਦੂਰ ਹੀ ਰਹਿੰਦਾ ਹਾਂ।" ਉਸ ਸਾਧੂ ਨੇ ਕਿਹਾ ਤੇ ਫਿਰ ਨਾ ਜਾਣੇ ਉਹ ਕਿਧਰ ਨੂੰ ਚਲਾ ਗਿਆ।

ਬੁਧ ਦੇਵ ਉਸ ਦੀਆਂ ਗਲਾਂ ਤੋਂ ਬੜੇ ਪ੍ਰਭਾਵਤ ਹੋਏ ਤੇ ਉਸੇ ਵੇਲੇ ਰਥ ਤੇ ਬੈਠ ਕੇ ਇਉਂ ਖੁਸ਼ੀ ਖ਼ੁਸ਼ੀ ਘਰ ਆਏ, ਜਿਵੇਂ ਉਨ੍ਹਾਂ ਨੂੰ ਕੁਝ ਲਭਾ ਹੋਵੇ। ਘਰ ਆਉਂਦਿਆਂ ਹੀ ਉਨ੍ਹਾਂ ਦੀ ਫਿਰ



Digitized by Panjab Digital Library | www.panjabdigilib.org

ਓਹੋ ਦਸ਼ਾ ਹੋ ਗਈ—ਉਦਾਸ ਚਿਹਰਾ ਤੇ ਵਿਚਾਰਾਂ ਵਿਚ ਮਗਨ।

ਪਿਤਾ ਪਾਸ ਗਏ ਤੇ ਬੜੇ ਪ੍ਰੇਮ ਤੇ ਅਦਬ ਨਾਲ ਹਥ ਜੋੜ ਕੇ ਬੋਲੇ, "ਪਿਤਾ ਜੀ, ਆਗਿਆ ਬਖ਼ਸ਼ੋ, ਮੈਂ ਘਰ ਛਡ ਜਾਵਾਂ, ਕਿਉਂਕਿ ਮੇਰੇ ਸਾਧੂ ਹੋਣ ਦਾ ਸਮਾਂ ਆ ਗਿਆ ਹੈ।"

ਸੁਣਦਿਆਂ ਹੀ ਪਿਤਾ ਨੂੰ ਤਾਂ ਇਉਂ ਲਗਾ ਜਿਵੇਂ ਸਿਰ ਤੇ ਕੋਈ ਪਹਾੜ ਟੁਟ ਪਿਆ ਹੈ। ਉਨ੍ਹਾਂ ਨੂੰ ਗਸ਼ ਪੈ ਗਈ ਤੇ ਫਿਰ ਜਦ ਹੋਸ਼ ਆਈ ਤਾਂ ਉਨ੍ਹਾਂ ਬਹੁਤ ਸਮਝਾਇਆ ਕਿ ਸਾਧੂ ਹੋਣਾ ਠੀਕ ਨਹੀਂ ਹੈ, ਪਰ ਬੁਧ ਤੇ ਕੋਈ ਅਸਰ ਨਾ ਹੋਇਆ। ਲਾਚਾਰ ਪਿਤਾ ਨੂੰ ਕਹਿਣਾ ਪਿਆ, "ਚੰਗਾ ਬੇਟਾ, ਤੇਰੀ ਮਰਜ਼ੀ, ਜਾਹ ਤੇ ਆਪਣੇ ਮਕਸਦ ਵਿਚ ਕਾਮਯਾਬ ਹੋ।"

ਬਧ ਨੇ ਪ੍ਰਸੰਨਤਾ ਨਾਲ ਪਿਤਾ ਨੂੰ ਨਮਸਕਾਰ ਕਰਦਿਆਂ ਹੋਇਆਂ ਇਕਰਾਰ ਕੀਤਾ ਕਿ ਆਪਣੇ ਮਨੋਰਥ ਵਿਚ ਸਫਲ ਹੋ ਕੇ ਇਕ ਵ ਰੀ ਜ਼ਰੂਰ ਆਪ ਦੇ ਦਰਸ਼ਨ ਕਰਾਂਗਾ।

ਇਸ ਵਲੇ ਬੁਧ ਦਾ ਵਿਆਹ ਹੋਇਆਂ ਤਿੰਨ ਵਰ੍ਹੇ ਹੋ ਗਏ ਸਨ ਤੇ ਘਰ ਇਕ ਬੱਚਾ ਵੀ ਪੈਦਾ ਹੋ ਗਿਆ ਸੀ, ਨਾਂ ਰਖਿਆ ਗਿਆ ਸੀ ਰਾਹੁਲ। ਰਾਹੁਲ ਅਜੇ ਸਤਾਂ ਕੁ ਦਿਨਾਂ ਦਾ ਹੀ ਸੀ।

## ਘਰ-ਤਿਆਗ —

ਹਾੜ ਦੀ ਪੂਰਬਣਾ ਸੀ। ਅਧੀ ਰਾਤ ਦਾ ਵੇਲਾ ਸੀ। ਬੁੱਧ ਆਪਣੇ ਪਲੰਗ ਤੋਂ ਉਠੇ। ਦੇਖਿਆ, ਯਸ਼ੋਧਰਾ ਸੁੱਤੀ ਪਈ ਹੈ। ਕੋਲ ਬੱਚਾ ਵੀ ਕੱਛ ਵਿਚ ਵੜਿਆ ਪਿਆ ਹੈ। ਬਚੇ ਦੀ ਖ਼ੁਸ਼ੀ ਵਿਚ ਚਲ ਰਿਹਾ ਆਨੰਦ ਉਤਸਵ ਅਜੇ ਪੂਰੇ ਜੋਬਨ ਤੇ ਸੀ ਤੇ



Digitized by Panjab Digital Library | www.panjabdigilib.org

ਮਹਿਲਾਂ ਵਿਚ ਤੇ ਖ਼ਾਸ ਕਰ ਕੇ ਬੁੱਧ ਦੇ ਆਪਣੇ ਮਹਿਲ ਵਿਚ ਉਸ ਦਾ ਖ਼ਾਸ ਪ੍ਰਬੰਧ ਸੀ, ਖਾਸ ਪ੍ਰੋਗਰਾਮ ਸੀ। ਉਹ ਪ੍ਰੋਗਰਾਮ ਚਲਾ ਚਲਾ ਕੇ ਗਾਓਣ ਨੱਚਣ ਵਾਲੀਆਂ ਥਕ ਕੇ ਉਥੇ ਹੀ ਇਧਰ ਉਧੱਰ ਸੁੱਤੀਆਂ ਪਈਆਂ ਸਨ। ਕੋਲ ਉਨ੍ਹਾਂ ਦੇ ਤਬਲੇ, ਸਿਤਾਰਾਂ, ਸਾਰੰਗੀਆਂ, ਵੀਨਾ, ਬਾਂਸੁਰੀ, ਮ੍ਰਿਦੰਗ ਤੇ ਹੋਰ ਅਨੇਕ ਤਰ੍ਹਾਂ ਦੇ ਸਾਜ ਸਾਮਾਨ ਖਿਲਰੇ ਪਏ ਸਨ। ਕਿਸੇ ਨੂੰ ਕੁਝ ਹੋਸ਼ ਨਹੀਂ ਸੀ।

ਘਿਓ ਦੇ ਦੀਵੇ, ਜਿਨ੍ਹਾਂ ਵਿਚ ਤਰ੍ਹਾਂ ਤਰ੍ਹਾਂ ਦੇ ਅਤਰ ਮਿਲੇ ਹੋਏ ਸਨ, ਜਗਦੇ ਹੋਏ ਸਾਰੇ ਮਹਿਲ ਨੂੰ ਜਗਮਗਾ ਰਹੇ ਸਨ।

ਬੁਧ ਨੇ ਨਿਗ੍ਹਾ ਭਰ ਕੇ ਯਸ਼ੋਧਰਾ ਨੂੰ ਦੇਖਿਆ ਤੇ ਫਿਰ ਬੱਚੇ ਨੂੰ। ਸੋਚਿਆ, ਜਗਾਵਾਂ ਯਸ਼ੋਧਰਾ ਨੂੰ ਤੇ ਇਸ ਕੋਲੋਂ ਵਿਦਾ ਮੰਗਾਂ। ਪਰ ਫਿਰ ਖ਼ਿਆਲ ਆਇਆ ਨਹੀਂ, ਇਹ ਠੀਕ ਨਹੀਂ ਹੋਵੇਗਾ। ਜਾਗ ਕੇ ਇਹ ਫਿਰ ਪ੍ਰੇਮ ਦੇ ਡੋਰੇ ਸੁਟੇਗੀ ਤੇ ਕਦੇ ਵਿਦਾ ਨਾ ਕਰੇਗੀ। ਚੁਪ ਚਾਪ ਨਿਕਲ ਜਾਣਾ ਹੀ ਸਥਿਰ ਕੀਤਾ ਤੇ ਨਿਕਲ ਗਏ। ਨਿਕਲਣ ਤੋਂ ਪਹਿਲਾਂ ਉਨ੍ਹਾਂ ਯਸ਼ੋਧਰਾ ਨੂੰ ਨਮਸਕਾਰ ਕੀਤੀ, ਤਿੰਨ ਵਾਰੀ ਉਸ ਦੇ ਪਲੰਘ ਦੀ ਪ੍ਰਦਖਨਾ ਕੀਤੀ ਤੇ ਬੱਚੇ ਨੂੰ ਪਿਆਰ-ਭਰੀ ਨਿਗ੍ਹਾ ਨਾਲ ਦੇਖਿਆ।

ਉਹ ਤਬੇਲੇ ਵਲ ਗਏ ਤੇ ਛੰਦਕ ਨੂੰ ਜਗਾ ਕੇ ਆਖਣ ਲਗੇ, "ਛੰਦਕ ! ਮੇਰਾ ਪਿਆਰਾ ਘੋੜਾ ਕੰਥਕ ਤਿਆਰ ਕਰੋ। ਉਹ ਹੱਕਾ ਬਕਾ ਹੋ ਕੇ ਬੁੱਧ ਦੇ ਮੂੰਹ ਵਲ ਤੱਕਣ ਲਗ ਪਿਆ ਤੇ ਆਖਣ ਲਗਾ, "ਕੁਮਾਰ ! ਇਸ ਵੇਲੇ ਘੋੜਾ !!"

ਬੁੱਧ ਨੇ ਕਿਹਾ, "ਹੌਲੀ ਬੋਲ ਛੰਦਕ। ਹਾਂ, ਇਸੇ ਵੇਲੇ ਚਾਹੀਦਾ ਹੈ। ਅਜ ਮੈਂ ਸੰਸਾਰ ਦੇ ਬੰਧਨ ਕੱਟਣ ਚਲਿਆ ਹਾਂ।



Digitized by Panjab Digital Library | www.panjabdigilib.org

ਮੁਕਤੀ ਦਾ ਰਾਹ ਢੂੰਡਣ ਚਲਿਆ ਹਾਂ। ਤੂੰ ਮੇਰੀ ਮਦਦ ਕਰ।"

ਛੰਦਕ ਨੇ ਬਹੁਤ ਸਮਝਾਇਆ, "ਆਪ ਦਾ ਜਾਣਾ ਠੀਕ ਨਹੀਂ। ਖ਼ਾਸ ਕਰ ਇਸ ਵੇਲੇ ਜਦ ਕਿ ਆਪ ਦੇ ਘਰ ਅਜੇ ਕਲ ਹੀ ਬਚਾ ਹੋਇਆ ਹੈ। ਯਸ਼ੋਧਰਾ ਦੇ ਹਥਾਂ ਤੋਂ ਵਿਆਹ ਦੀ ਮਹਿੰਦੀ ਵੀ ਅਜੇ ਨਹੀਂ ਲਥੀ। ਉਹ ਭਰ ਜਵਾਨੀ ਤੇ ਹੈ। ਪਿਤਾ ਆਪ ਨੂੰ ਚਕ੍ਰਵਰਤੀ ਰਾਜਾ ਵੇਖਣਾ ਚਾਹੁੰਦਾ ਹੈ।

ਬੁਧ ਨੇ ਕਿਹਾ, "ਛੰਦਕ ! ਬਿਨਾਂ ਕੁਰਬਾਨੀ ਕੀਤੇ ਕੁਝ ਹੋ ਨਹੀਂ ਸਕਦਾ। ਮੈਂ ਸਭ ਦੇ ਮੋਹ ਨੂੰ, ਸਭ ਦੀ ਮਮਤਾ ਨੂੰ ਛਿਕੇ ਤੇ ਰਖ ਕੇ ਘਰੋਂ ਨਿਕਲ ਰਿਹਾ ਹਾਂ। ਨਿਕਲਣ ਦਾ ਅਫਸੋਸ ਮੈਨੂੰ ਵੀ ਹੈ, ਪਰ ਕੀ ਕਰਾਂ, ਹੋਰ ਕੋਈ ਚਾਰਾ ਨਹੀਂ ਦੁਨੀਆਂ ਦੇ ਦੁਖ ਕਟਣ ਦਾ।

"ਚਕ੍ਰਵਰਤੀ ਰਾਜਾ ਹੋ ਕੇ ਮੈਂ ਕੀ ਕਰ ਸਕਦਾ ਹਾਂ ਜਨਤਾ ਤੇ ਸ਼ਾਸਨ। ਇਸ ਦੀ ਮੈਨੂੰ ਲੋੜ ਨਹੀਂ। ਇਹ ਸ਼ਾਸਨ ਕਦ ਤਕ ਰਹਿ ਸਕਦਾ ਹੈ? ਜ਼ਿਆਦਾ ਤੋਂ ਜ਼ਿਆਦਾ ਮੇਰੀ ਜ਼ਿੰਦਗੀ ਤਕ ਤੇ ਜੋ ਕੁਝ ਮੈਂ ਕਰਨ ਚਲਿਆ ਹਾਂ, ਉਸ ਦੀ ਮਿਆਦ ਹੈ ਨਾ ਖ਼ਤਮ ਹੋਣ ਵਾਲੀ। ਉਹ ਹੈ ਬਾਦਸ਼ਾਹੀ ਦਿਲਾਂ ਦੀ ਤੇ ਦਿਲਾਂ ਨੂੰ ਉੱਚਾ ਤੇ ਸੁੱਚਾ ਕਰਨ ਵਾਲੀ, ਦੁਨੀਆਂ ਦਾ ਭਲਾ ਕਰਨ ਵਾਲੀ, ਕਲਿਆਨ ਕਰਨ ਵਾਲੀ।"

ਲਾਚਾਰ ਛੰਦਕ ਕੰਥਕ ਘੋੜਾ ਸਜਾ ਕੇ ਲੈ ਆਇਆ ਤੇ ਬੁਧ ਉਸ ਤੇ ਚੜ੍ਹ ਕੇ ਤੁਰ ਪਏ। ਤੁਰਦੀ ਵਾਰੀ ਉਨ੍ਹਾਂ ਨੇ ਸ਼ਹਿਰ ਵਲ ਇਕ ਨਿਗ੍ਹਾ ਭਰ ਕੇ ਦੇਖਿਆ ਤੇ ਕਹਿਣ ਲਗੇ, "ਜ਼ਿੰਦਗੀ ਤੇ ਮੌਤ ਦਾ ਪਾਰ ਦੇਖੇ ਬਿਨਾਂ ਮੇਰੇ ਪਿਆਰੇ ਦੇਸ਼, ਮੈਂ ਵਾਪਸ ਨਹੀਂ ਆਵਾਂਗਾ।"



Digitized by Panjab Digital Library | www.panjabdigilib.org



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਚਲਦੇ ਚਲਦੇ ਬੁਧ ਇਕੋ ਰਾਤ ਵਿਚ ਕਪਲ ਵਸਤੂ, ਕੋਲੀ ਗਰਾਮ ਤੇ ਰਾਮ ਗਰਾਮ, ਇਨ੍ਹਾਂ ਤਿੰਨਾਂ ਸ਼ਹਿਰਾਂ ਨੂੰ ਪਾਰ ਕਰ ਕੇ ਅਨੋਮਾ ਨਦੀ ਦੇ ਕਿਨਾਰੇ ਪਹੁੰਚੇ। ਇਹ ਨਦੀ ਜ਼ਿਲਾ ਗੋਰਖ ਪੁਰ ਵਿਚ ਹੁਣ ਵੀ ਹੈ ਤੇ 'ਔਮੀ ਨਦੀ' ਕਹਾਉਂਦੀ ਹੈ।

ਬੁਧ ਨੇ ਛੰਦਕ ਨੂੰ ਪੁਛਿਆ, "ਇਹ ਕਿਹੜੀ ਨਦੀ ਹੈ?"

ਛੰਦਕ ਨੇ ਕਿਹਾ, "ਅਨੋਮਾ।"

ਬੁਧ ਨੇ ਘੋੜੇ ਨੂੰ ਅਡੀ ਲਗਾਈ ਤੇ ਅਨੋਮਾ ਪਾਰ ਹੋ ਗਏ। ਇਸ ਵੇਲੇ ਪਹੁ ਫੁਟਣ ਵਾਲੀ ਸੀ। ਬੁਧ ਨੇ ਰਾਜਸੀ ਕਪੜੇ ਲਾਹੇ ਤੇ ਤਲਵਾਰ ਨਾਲ ਆਪਣੀ ਬੋਦੀ ਵੀ ਲਾਹੀ।

ਫਿਰ ਸਭ ਚੀਜ਼ਾਂ ਦੀ ਗੰਢ ਬੰਨ੍ਹ ਕੇ ਛੰਦਕ ਦੇ ਹਵਾਲੇ ਕਰਦਿਆਂ ਹੋਇਆਂ ਬੁਧ ਨੇ ਕਿਹਾ, "ਇਹ ਸਭ ਲੈ ਜਾਓ ਤੇ ਪਿਤਾ ਜੀ ਦੇ ਚਰਨਾਂ ਵਿਚ ਧਰ ਕੇ ਕਹਿਣਾ—ਸਿਧਾਰਥ ਇਹੋ ਭਿਖਿਆ ਮੰਗਦਾ ਹੈ ਕਿ ਮੇਰੇ ਲਈ ਸ਼ੋਕ ਨਾ ਕਰਨਾ। ਮੈਨੂੰ ਭੁਲ ਜਾਣਾ। ਮੈਂ ਬੁਢਾਪਾ ਤੇ ਮੌਤ ਦਾ ਨਾਸ਼ ਕਰਨ ਲਈ ਜਾ ਰਿਹਾ ਹਾਂ। ਨਿਸ਼ਚੇ ਹੀ ਸਵਰਗ ਦੀ ਤ੍ਰਿਸ਼ਨਾ ਲਈ ਨਹੀਂ, ਮੁਹੱਬਤ ਦੀ ਕਮੀ ਕਰ ਕੇ ਨਹੀਂ। ਗੁਸੇ ਨਾਲ ਨਹੀਂ। ਜੇਕਰ ਮੈਂ ਆਪਣੇ ਮਨੋਰਥ ਵਿਚ ਕਾਮਯਾਬ ਹੋ ਗਿਆ ਤਾਂ ਜ਼ਰੂਰ ਤੇ ਜਲਦੀ ਹੀ ਆਪ ਦੇ ਦਰਸ਼ਨ ਕਰਾਂਗਾ। ਬਿਨਾਂ ਮਨੋਰਥ ਸਿੱਧ ਕੀਤੇ ਮੈਂ ਮੁੜਾਂਗਾ ਨਹੀਂ। ਮਰ ਜਾਵਾਂਗਾ ਆਪ ਨੂੰ ਮੂੰਹ ਨਹੀਂ ਦਿਖਾਵਾਂਗਾ।"

ਇਹ ਕਹਿੰਦਿਆਂ ਕਹਿੰਦਿਆਂ ਬੁਧ ਘਣੇ ਜੰਗਲ ਵਿਚ ਦਾਖ਼ਲ ਹੋ ਗਏ ਤੇ ਛੰਦਕ ਰੋਂਦਾ ਕਲਪਦਾ ਘਰ ਨੂੰ ਮੁੜ ਪਿਆ।



Digitized by Panjab Digital Library | www.panjabdigilib.org

# ਤਪੋ-ਬਨ ਵਿਚ –

ਜੰਗਲੋ ਜੰਗਲੀ ਚਲੇ ਜਾ ਰਹੇ ਬੁਧ ਇਕ ਤਪੋ-ਬਨ ਵਿਚ ਪਹੁੰਚੇ ਜਿਥੇ ਕਿ ਅਨੇਕ ਤਪਸਵੀ ਤਰ੍ਹਾਂ ਤਰ੍ਹਾਂ ਦੇ ਤਰੀਕਿਆਂ ਨਾਲ ਤਪ ਕਰਦੇ ਹੋਏ ਜ਼ਿੰਦਗੀ ਬਿਤਾ ਰਹੇ ਸਨ। ਉਨ੍ਹਾਂ ਦੇਖਿਆ ਕੋਈ ਚਿੜੀਆਂ ਵਾਂਗ ਚੁਣੇ ਹੋਏ ਅੰਨ ਤੇ ਜੀਉਂਦਾ ਹੈ, ਕੋਈ ਹਿਰਨਾਂ ਵਾਂਗੂ ਤੀਲੇ ਚਰਦਾ ਹੈ, ਕੋਈ ਸੱਪਾਂ ਵਾਂਗੂ ਹਵਾ ਤੇ ਹੀ ਜੀਉਂਦਾ ਹੈ। ਕੋਈ ਪੱਥਰ ਕੁਟ ਕੇ ਜ਼ਿੰਦਗੀ ਚਲਾਉਂਦਾ ਹੈ, ਕੋਈ ਆਪਣੇ ਦੰਦਾਂ ਨਾਲ ਛਿਲ ਕੇ ਅੰਨ ਖਾਂਦਾ ਹੈ, ਕੋਈ ਦੂਸਰਿਆਂ ਲਈ ਭੋਜਨ ਬਣਾਉਂਦਾ ਹੈ ਤੇ ਉਸ ਵਿਚੋਂ ਜਿਹੜਾ ਬਚ ਜਾਂਦਾ ਹੈ, ਓਹੋ ਖਾ ਕੇ ਗੁਜ਼ਾਰਾ ਕਰਦਾ ਹੈ। ਕੋਈ ਪਾਣੀ ਨਾਲ ਜਟਾਂ ਗਿਲੀਆਂ ਕਰ ਕੇ ਦੋ ਵਾਰੀ ਮੰਤਰਾਂ ਨਾਲ ਹਵਨ ਕਰਦਾ ਹੈ, ਕੋਈ ਪਾਣੀ ਵਿਚ ਵੜ ਕੇ ਮਛੀਆਂ ਨਾਲ ਰਹਿੰਦਾ ਹੈ ਤੇ ਕੋਈ ਕਛੂਆਂ ਕੋਲੋਂ ਆਪਣਾ ਸਰੀਰ ਕਟਾਉਂਦਾ ਹੈ।

ਬੁਧ ਨੂੰ ਉਨ੍ਹਾਂ ਦੀ ਅਕਲ ਤੇ ਬੜਾ ਹਾਸਾ ਆਇਆ ਤੇ ਤਰਸ ਵੀ। ਕਹਿਣ ਲਗੇ, ਇਹ ਸਭ ਤਰ੍ਹਾਂ ਦੀ ਤਪੱਸਿਆ ਦੁਖ ਦੇਣ ਵਾਲੀ ਹੈ ਤੇ ਆਖ਼ਰ ਇਸ ਦਾ ਨਤੀਜਾ ਸਵਰਗ ਹੈ ਜੋ ਕਿ ਵਿਕਾਰਾਂ ਨਾਲ (ਖਰਾਬੀਆਂ ਨਾਲ) ਭਰਿਆ ਹੋਇਆ ਹੈ। ਫਿਰ ਉਹ ਵੀ ਸਥਾਈ ਨਹੀਂ ਹੈ। ਗੋਇਆ ਕਿ ਆਸ਼੍ਰਮ ਵਾਸੀਆਂ ਦੀ ਇਹ ਮਿਹਨਤ ਨਿਸ਼ਚੇ ਹੀ ਇਕ ਛੋਟੇ ਜਿਹੇ ਮਕਸਦ ਲਈ ਹੈ।

ਇਸੇ ਤਰ੍ਹਾਂ ਹੋਰ ਬਹੁਤ ਕੁਝ ਬੁੱਧ ਨੇ ਕਿਹਾ ਤੇ ਤਪਸ੍ਵੀਆਂ ਨੂੰ ਸਮਝਾਇਆ। ਤਪਸ੍ਵੀ ਬੁੱਧ ਦੀਆਂ ਗਲਾਂ ਸੁਣ ਕੇ ਬੜੇ ਖ਼ੁਸ਼ ਹੋਏ ਤੇ ਉਨ੍ਹਾਂ ਬੁਧ ਨੂੰ ਇਥੇ ਹੀ ਰਹਿਣ ਦੀ ਪ੍ਰੇਰਨਾ ਕੀਤੀ। ਪਰ



Digitized by Panjab Digital Library | www.panjabdigilib.org

ਬੁਧ ਨੇ ਉਥੇ ਰਹਿਣਾ ਮੁਨਾਸਬ ਨਾ ਸਮਝਿਆ, ਕਿਉਂਕਿ ਉਥੇ ਬੁਧ ਦੇ ਸਵਾਲਾਂ ਦਾ ਜਵਾਬ ਦੇਣ ਵਾਲਾ ਕੋਈ ਮਹਾਨ ਵਿਦਵਾਨ ਨਹੀਂ ਸੀ। ਆਖ਼ਰ ਬੁੱਧ ਨੇ ਕਿਹਾ, "ਤੁਹਾਡੇ ਲੋਕਾਂ ਦਾ ਇਹ ਧਰਮ ਸਵਰਗ ਲਈ ਹੈ, ਮੇਰੀ ਅਭਿਲਾਸ਼ਾ ਦੁਬਾਰਾ ਜਨਮ ਲੈਣ ਦੇ ਖ਼ਾਤਮੇਂ ਲਈ ਹੈ, ਇਸ ਵਾਸਤੇ ਮੇਰੀ ਇਸ ਬਨ ਵਿਚ ਰਹਿਣ ਦੀ ਮਰਜ਼ੀ ਨਹੀਂ ਕਿਉਂਕਿ ਨਿਵ੍ਰਿਤੀ ਧਰਮ, ਪ੍ਰਵ੍ਰਿਤੀ ਧਰਮ ਨਾਲੋਂ ਵੱਖਰਾ ਹੈ।"

ਇਹ ਗਲ ਸੁਣ ਕੇ ਉਨ੍ਹਾਂ ਰਿਖੀਆਂ ਨੇ ਅਰਾਡ ਕਾਲਾਮ ਦਾ ਪਤਾ ਦਿਤਾ ਤੇ ਉਸ ਬਾਰੇ ਬਹੁਤ ਕੁਝ ਕਿਹਾ। ਬੁੱਧ ਉਨ੍ਹਾਂ ਨੂੰ ਮਥਾ ਟੇਕ ਕੇ ਅਰਾਡ ਕਾਲਾਮ ਚਲ ਪਏ।

## ਬੁੱਧ ਦੀ ਭਾਲ —

ਬੁੱਧ ਦੇ ਜੰਗਲ ਵਿਚ ਚਲੇ ਜਾਣ ਤੋਂ ਬਾਅਦ ਛੰਦਕ ਪਿਛਾਂ ਨੂੰ ਮੁੜਿਆ ਪਰ ਕੰਥਕ ਉਥੇ ਹੀ ਰਹਿ ਗਿਆ। ਉਹ ਦੇ ਅਖੋਂ ਓਝਲ ਹੁੰਦਿਆਂ ਹੀ ਦੇਹ ਤਿਆਗ ਗਿਆ।

ਉਧਰ ਬੁਧ ਦੇ ਚਲੇ ਜਾਣ ਤੋਂ ਬਾਅਦ ਸਾਰੇ ਰਾਜ ਪਰਵਾਰ ਵਿਚ ਤੇ ਸ਼ਹਿਰ ਭਰ ਵਿਚ ਹਾਹਾਕਾਰ ਮਚ ਗਈ। ਲੋਕੀਂ ਰੋ ਰੋ ਕੇ ਇਕ ਦੂਜੇ ਨੂੰ ਪੁੱਛਣ ਕਿ ਬੁਧ ਦਾ ਪਤਾ ਲਗਾ ਕਿਤੇ ? ਏਨੇ ਵਿਚ ਰੋਂਦਾ ਧੋਂਦਾ ਛੰਦਕ ਆ ਗਿਆ ਤੇ ਉਸ ਨੇ ਸਾਰੀ ਗਲ ਵਿਸਥਾਰ ਨਾਲ ਸੁਣਾਈ। ਸੁਣ ਕੇ ਹੋਰ ਰੋਣਾ ਕਲਪਣਾ ਸ਼ੁਰੂ ਹੋਇਆ ਤੇ ਆਖ਼ਰ ਬੁਧ ਨੂੰ ਲੱਭ ਕੇ ਮੋੜ ਲਿਆਉਣ ਦਾ ਫ਼ੈਸਲਾ ਹੋਇਆ।



Digitized by Panjab Digital Library | www.panjabdigilib.org

ਰਾਜ-ਮੰਤ੍ਰੀ ਤੇ ਰਾਜ-ਪ੍ਰੋਹਤ ਦਾ ਪੁੱਤਰ ਤੇ ਬੁਧ ਦਾ ਮਿੱਤਰ ਉਦਾਯੀ, ਇਹ ਦੋ ਜਣੇਂ ਰਾਜਾ ਦੀ ਆਗਿਆ ਨਾਲ ਬੁੱਧ ਨੂੰ ਲੱਭਣ ਨਿਕਲੇ। ਲਭਦੇ ਲਭਦੇ ਇਹ ਭਾਰਗਾਵ ਰਿਖੀ ਦੇ ਆਸ਼੍ਰਮ ਤੇ ਪਹੁੰਚੇ ਤੇ ਉਸ ਨੇ ਦਸਿਆ, ਬੁੱਧ ਮਹਾਂ ਪੰਡਤ ਅਰਾੜ ਕਾਲਾਮ ਦੇ ਆਸ਼੍ਰਮ ਨੂੰ ਗਿਆ ਹੈ।

ਦੋਵੇਂ ਜਣੇ ਉਧਰ ਨੂੰ ਚਲੇ ਜਾ ਰਹੇ ਸਨ ਕਿ ਰਸਤੇ ਵਿਚ ਕੀ ਵੇਖਦੇ ਹਨ, ਬੁਧ ਦਰਖ਼ਤ ਦੇ ਇਕ ਖੋਲ ਵਿਚ ਬੈਠਾ ਹੋਇਆ ਹੈ। ਝਟ ਰਥ ਤੋਂ ਹੇਠਾਂ ਉਤਰ ਆਏ ਤੇ ਬੜੇ ਪ੍ਰੇਮ ਨਾਲ ਕੋਲ ਹੀ ਭੁੰਜੇ ਬੈਠ ਕੇ ਆਦਰ ਨਾਲ ਆਖਣ ਲਗੇ, "ਕੁਮਾਰ ! ਆਪ ਦੇ ਚਲੇ ਜਾਣ ਤੋਂ ਬਾਅਦ ਆਪ ਦੇ ਮਾਤਾ ਪਿਤਾ, ਪਿਆਰੀ ਪਤਨੀ ਸਾਰਾ ਰਾਜ ਪਰਵਾਰ ਤੇ ਸਾਰੀ ਪਰਜਾ, ਦੁਖ ਸਾਗਰ ਵਿਚ ਗੋਤੇ ਖਾ ਰਹੀ ਹੈ। ਉਠੋ ਅਸਾਡੇ ਨਾਲ ਚਲੋ ਤੇ ਉਨ੍ਹਾਂ ਡੁਬਦਿਆਂ ਨੂੰ ਬਚਾਓ।"

ਇਹ ਸਭ ਕਹਿੰਦਿਆਂ ਹੋਇਆਂ ਉਨ੍ਹਾਂ ਪਿਤਾ ਦਾ ਖ਼ਾਸ ਸੰਦੇਸ਼ ਵੀ ਦਿਤਾ ਤੇ ਕਈ ਇਤਿਹਾਸਕ ਪ੍ਰਸੰਗ ਵੀ ਸੁਣਾਏ, ਪਰ ਬੁਧ ਤੇ ਕੋਈ ਅਸਰ ਨਾ ਹੋਇਆ, ਜਿਵੇਂ ਕਿ ਰਾਮ ਤੇ ਮਾਵਾਂ ਦਾ, ਭਰਤ ਦਾ ਤੇ ਗੁਰੂ ਦਾ ਕੋਈ ਅਸਰ ਨਹੀਂ ਸੀ ਹੋਇਆ।

ਉਨ੍ਹਾਂ ਬੜੇ ਵਿਨੈ ਭਾਵ ਨਾਲ ਰਾਜ ਮੰਤਰੀ ਤੇ ਉਦਾਯੀ ਨੂੰ ਕਿਹਾ, "ਮਿਤਰੋ ! ਪੁਤਰ ਲਈ ਪਿਤਾ ਦਾ ਭਾਵ ਕੈਸਾ ਹੁੰਦਾ ਹੈ, ਮੈਂ ਜਾਣਦਾ ਹਾਂ। ਖਾਸ ਕਰਕੇ ਆਪਣੇ ਬਾਰੇ ਵਿਚ ਰਾਜਾ ਦੇ ਭਾਵ ਨੂੰ ਤਾਂ ਬਹੁਤ ਹੀ ਚੰਗੀ ਤਰ੍ਹਾਂ ਜਾਣਦਾ ਹੋਇਆ ਵੀ ਰੋਗ, ਬੁਢਾਪੇ ਤੇ ਮੌਤ ਤੋਂ ਡਰ ਕੇ ਬਗੈਰ ਬਨ ਵਿਚ ਚਲੇ ਆਉਣ ਤੋਂ ਹੋਰ ਕੋਈ ਚਾਰਾ ਨਾ ਦੇਖ ਕੇ ਚਲਾ ਆਇਆ



Digitized by Panjab Digital Library | www.panjabdigilib.org

ਹਾਂ। ਦੋਸਤੋ ! ਜੇਕਰ ਅਖ਼ੀਰ ਵਿਚ ਵਿਛੋੜਾ ਨਾ ਹੋਵੇ ਤਾਂ ਪਿਆਰੇ ਸਜਨਾਂ ਨੂੰ ਦੇਖਣਾ ਕੌਣ ਪਸੰਦ ਨਹੀਂ ਕਰਦਾ ਤੇ ਜੇਕਰ ਦੇਰ ਨਾਲ ਜਾਂ ਸਵੇਰ ਨਾਲ ਆਖਰ ਵਿਛੋੜਾ ਹੋਣਾ ਹੀ ਹੈ ਤਾਂ ਕਿਉਂ ਨਾ ਹੁਣੇ ਹੀ ਸਭ ਨੂੰ ਛਡ ਦਿਆਂ। ਸਨੇਹੀ ਪਿਤਾ ਨੂੰ ਵੀ ਮੈਂ ਇਸ ਲਈ ਛਡ ਆਇਆ ਹਾਂ। ਉਹ ਮੇਰੇ ਤੇ ਰਾਜ ਭਾਰ ਪਾਉਣਾ ਚਾਹੁੰਦ ਹਨ, ਇਹ ਉਨ੍ਹਾਂ ਦੀ ਉਦਾਰਤਾ ਹੈ ਪਰ ਮੇਰੇ ਵਾਸਤੇ ਇਹ ਭਾਰ ਚੁਕਣਾਂ ਠੀਕ ਨਹੀਂ। ਮੈਂ ਇਸ ਕਥਨੀ ਨੂੰ ਠੀਕ ਨਹੀਂ ਸਮਝਦਾ ਕਿ ਰਾਜਿਆਂ ਨੇ ਮੁਕਤੀ ਪਾਈ ਹੈ। ਕਿਥੇ ਆਪਣੇ ਤੇ ਕਾਬੂ ਪਾਈ ਰਖਣ ਵਾਲਾ ਮੋਖ ਧਰਮ ਤੇ ਕਿਥੇ ਡੰਡ ਪ੍ਰਧਾਨ ਰਾਜ ਧਰਮ। ਜੇ ਸ਼ਾਂਤੀ ਵਲ ਧਿਆਨ ਰਹੇ ਤਾਂ ਰਾਜ ਨਹੀਂ ਚਲ ਸਕਦਾ ਤੇ ਜੇ ਰਾਜ ਚਲਾਉਣ ਤੇ ਵਧਾਉਣ ਵਲ ਧਿਆਨ ਹੋਵੇ ਤਾਂ ਸ਼ਾਂਤੀ ਨਹੀਂ ਮਿਲ ਸਕਦੀ। ਇਸ ਵਾਸਤੇ ਮੈਨੂੰ ਆਖੋ ਹੀ ਨਾ ਚਲਣ ਲਈ। ਮੈਂ ਨਿਸ਼ਚਾ ਕੀਤਾ ਹੈ ਕਿ ਭਾਵੇਂ ਸੂਰਜ ਧਰਤੀ ਤੇ ਡਿਗ ਪਏ, ਹਿਮਾਲੀਆ ਪਹਾੜ ਹਿਲ ਜਾਏ ਤਾਂ ਵੀ ਬਿਨਾਂ ਤਤ ਪਛਾਣੇ, ਬਿਨਾਂ ਇੰਦਰੀਆਂ ਦਾ ਦਮਨ ਕੀਤੇ ਘਰ ਨਹੀਂ ਮੁੜਾਂਗਾ। ਬਲਦੀ ਅਗ ਵਿਚ ਸੜ ਜਾਵਾਂਗਾ ਪਰ ਬਿਨਾਂ ਕਾਮਯਾਬ ਹੋਏ ਘਰ ਨਹੀਂ ਮੁੜਾਂਗਾ।" ਇਹ ਕਹਿ ਕੇ ਬੁਧ ਦੇਵ ਉਥੋਂ ਤੁਰ ਪਏ ਤੇ ਉਹ ਵੀ ਦੋਵੇਂ ਜਣੇ ਰੋਂਦੇ ਕਲਪਦੇ ਘਰਾਂ ਨੂੰ ਚਲੇ ਗਏ।

## ਵੈਸ਼ਾਲੀ ਵਿਚ –

ਤਪੋ-ਬਨ ਵਿਚ ਤਪਸ੍ਵੀਆਂ ਦੇ ਹਠ ਯੋਗ ਨੂੰ ਦੇਖ ਕੇ ਤੇ ਉਸ



Digitized by Panjab Digital Library | www.panjabdigilib.org

ਨੂੰ ਨਾ ਪਸੰਦ ਕਰ ਕੇ ਬੁੱਧ ਆਰਾਡ ਕਾਲਾਮ ਨੂੰ ਮਿਲਣ ਵੈਸ਼ਾਲੀ ਵਿਚ ਗਏ। ਵੈਸ਼ਾਲੀ ਉਨ੍ਹਾਂ ਦਿਨਾਂ ਵਿਚ ਇਕ ਬੜਾ ਸ਼ਾਨਦਾਰ ਸ਼ਹਿਰ ਸੀ। ਛੋਟਾ ਜਿਹਾ ਲੋਕ-ਰਾਜ ਸੀ। ਲੋਕੀਂ ਸੁਖੀ ਤੇ ਸਮੁਨੱਤ ਸਨ।

ਆਰਾਡ ਕਾਲਾਮ ਇਕ ਦਰਸ਼ਨ ਸ਼ਾਸਤ੍ਰੀ ਸੀ, ਫ਼ਿਲਾਸਫ਼ਰ ਸੀ। ਉਸ ਦੇ ਗੁਰੂ ਕੁਲ ਵਿਚ ਉਸ ਵੇਲੇ ਤਿੰਨ ਸੌ ਵਿਦਿਆਰਥੀ ਸਿਖਿਆ ਹਾਸਲ ਕਰ ਰਹੇ ਸਨ। ਉਸ ਨੇ ਬੋਧੀ ਸੱਤਵ ਦਾ ਸਵਾਗਤ ਕਰਦਿਆਂ ਹੋਇਆਂ ਕਿਹਾ, "ਮੈਂ ਜਾਣਦਾ ਹਾਂ, ਆਪ ਕੌਣ ਹੋ, ਕਿਤਨੇ ਵਿਦਵਾਨ ਤਿਆਗੀ ਤੇ ਲੋਕ-ਸੇਵੀ ਹੋ, ਇਸ ਵਾਸਤੇ ਮੈਂ ਆਪ ਦੀ ਪ੍ਰੀਖਿਆ ਨਾ ਲੈਂਦਾ ਹੋਇਆ ਇਵੇਂ ਹੀ ਆਪਣੇ ਸ਼ਾਸਤਰ ਦੀ ਚਰਚਾ ਕਰਦਾ ਹਾਂ।

ਬੋਧੀ ਸਤੱਵ ਬੜੇ ਖ਼ੁਸ਼ ਹੋਏ ਤੇ ਬੋਲੇ, "ਬੜੀ ਕਿਰਪਾ ਹੈ, ਆਪ ਦੀ। ਦਸੋ ਮਹਾਰਾਜ! ਕਿਸ ਤਰ੍ਹਾਂ ਮਨੁਖ, ਰੋਗ, ਬੁਢਾਪਾ ਤੇ ਮੌਤ ਤੋਂ ਬਚ ਸਕਦਾ ਹੈ?"

ਆਰਾਡ ਕਾਲਾਮ, ਅਕਿੰਚਾਯਤ ਅਰਥਾਤ, ਕੁਝ ਵੀ ਨਹੀਂ ਹੈ, ਇਸ ਅਸੂਲ ਨੂੰ ਮੰਨਣ ਵਾਲਾ ਸੀ। ਉਸ ਨੇ ਉਸ ਉਤੇ ਲੰਮੀ ਚੌੜੀ ਵਿਆਖਿਆ ਕਰਦੇ ਹੋਏ ਬੋਧੀ ਸਤੱਵ ਨੂੰ ਸੰਤੋਖ ਦੁਆਉਣਾ ਚਾਹਿਆ ਪਰ ਦੁਆ ਨਾ ਸਕਿਆ। ਬੋਧੀ ਸਤੱਵ ਨੂੰ ਬੜੀ ਨਿਰਾਸ਼ਾ ਹੋਈ। ਆਖ਼ਰ ਉਹ ਰਾਜ ਗ੍ਰਿਹ ਨੂੰ ਤੁਰ ਪਏ ਕਿਉਂਕਿ ਉਨ੍ਹਾਂ ਸੁਣਿਆਂ ਸੀ ਉਥੇ ਵੀ ਇਕ ਬੜਾ ਭਾਰਾ ਪੰਡਤ ਤੇ ਫ਼ਿਲਾਸਫ਼ਰ ਰਹਿੰਦਾ ਹੈ।



Digitized by Panjab Digital Library | www.panjabdigilib.org

# ਰਾਜ ਗ੍ਰਿਹ ਵਿਚ—

ਵੈਸ਼ਾਲੀ ਤੋਂ ਚਲ ਕੇ ਬੋਧੀ ਸੱਤਵ ਰਾਜ ਗ੍ਰਿਹ ਪਹੁੰਚੇ। ਰਾਜ ਗ੍ਰਿਹ ਉਸ ਵੇਲੇ ਮਗਧ-ਦੇਸ਼ (ਬਿਹਾਰ) ਦੀ ਰਾਜਧਾਨੀ ਸੀ ਤੇ ਉਥੋਂ ਦਾ ਰਾਜਾ ਬਿੰਬਸਾਰ ਸੀ। ਇਹ ਸ਼ੈਸ਼ਨਾਗ ਵੰਸ਼ ਦਾ ਪੰਜਵਾਂ ਰਾਜਾ ਸੀ। ੧੫ ਵਰ੍ਹਿਆਂ ਦੀ ਉਮਰ ਵਿਚ ਗਦੀ ਤੇ ਬੈਠਾ ਤੇ ੫੨ ਵਰ੍ਹੇ ਤਕ ਇਸ ਨੇ ਰਾਜ ਕੀਤਾ। ਇਸ ਸਮੇਂ ਵਿਚ ਇਸ ਨੇ ਆਪਣੇ ਰਾਜ ਨੂੰ ਖ਼ੂਬ ਵਧਾਇਆ ਤੇ ਕਾਫ਼ੀ ਜਸ ਹਾਸਲ ਕੀਤਾ। ਆਖ਼ਰ ਇਸ ਦੇ ਪੁਤਰ ਅਜਾਤ ਸ਼ਤਰੂ ਨੇ ਇਸ ਨੂੰ ਮਾਰ ਕੇ ਗਦੀ ਕਬਜ਼ੇ ਵਿਚ ਕਰ ਲਈ।

ਬੋਧੀ ਸਤਵ ਨੂੰ ਬਿੰਬਸਾਰ ਨਾਲ ਕੁਝ ਮਤਲਬ ਨਹੀਂ ਸੀ। ਮਤਲਬ ਸੀ ਉਨ੍ਹਾਂ ਨੂੰ ਕਿਸੇ ਅਜਿਹੇ ਵਿਦਵਾਨ ਨਾਲ, ਜੋ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਦੇ ਕੇ ਉਨ੍ਹਾਂ ਨੂੰ ਅਧਿਆਤਮਕ ਸ਼ਾਂਤੀ ਬਖ਼ਸ਼ ਸਕੇ।

ਰਾਜ ਗ੍ਰਿਹ ਜਿਥੇ ਵਪਾਰਕ ਨਿਗ੍ਹਾ ਨਾਲ ਬੜਾ ਮਹੱਤਤਾ ਭਰਿਆ ਸੀ ਤੇ ਆਰਥਕ ਅਵਸਥਾ ਅਛੀ ਹੋਣ ਕਰ ਕੇ ਲੋਕਾਂ ਦੀ ਸ਼ਾਨ ਨਾਲ ਸਾਰੇ ਹਿੰਦੁਸਤਾਨ ਵਿਚ ਧੋਣ ਉਚੀ ਕਰ ਕੇ ਹੋਰਨਾਂ ਰਜਵਾੜਿਆਂ ਵਿਚ ਈਰਖਾ ਪੈਦਾ ਕਰ ਰਿਹਾ ਸੀ, ਉਥੇ ਕੁਦਰਤ ਦੇ ਨਜ਼ਾਰਿਆਂ ਦਾ ਵੀ ਇਕ ਅਮੋਲਕ ਖ਼ਜ਼ਾਨਾ ਸੀ।

ਉਸ ਦੇ ਚਾਰੇ ਪਾਸੇ ਹਰੇ ਭਰੇ ਖੇਤ ਤੇ ਉਚੇ ਉਚੇ ਪਰਬਤ ਸਨ। ਪੰਜ ਪਹਾੜ ਤਾਂ ਬਹੁਤ ਹੀ ਉਚੇ ਤੇ ਸੋਹਣੇ ਸਨ। ਉਨ੍ਹਾਂ ਵਿਚ ਇਕ ਰਤਨਾਗਿਰੀ ਸੀ, ਜੋ ਸਭ ਨਾਲੋਂ ਸੋਹਣਾ ਤੇ ਅਰੋਗਤਾ-ਦਾਇਕ ਸੀ। ਉਸ ਪਹਾੜ ਤੇ ਬਾਰਾਂ ਮਹੀਨੇ ਹਰਿਆਵਲ ਰਹਿੰਦੀ



Digitized by Panjab Digital Library | www.panjabdigilib.org

ਤੇ ਝਰਨਿਆਂ ਦਾ ਬੜਾ ਸੁੰਦਰ ਨਜ਼ਾਰਾ ਸੀ। ਇਕ ਝਰਨਾ ਅਜਿਹਾ ਵੀ ਸੀ ਜੋ ਧਰਤੀ ਤੇ ਸਤ ਧਾਰਾ ਹੋ ਕੇ ਡਿਗਦਾ ਸੀ ਤੇ ਜਿਸ ਨੂੰ ਵੇਖਣ ਦੂਰੋਂ ਦੂਰੋਂ ਲੋਕ ਆਉਂਦੇ ਸਨ।

ਉਸ ਵਿਚ ਰਤਨਾਗਿਰੀ ਨਾਂ ਦੀ ਇਕ ਡਾਢੀ ਸੋਹਣੀ ਗੁਫ਼ਾ ਸੀ। ਬੋਧੀ ਸਤਵ ਉਸੇ ਵਿਚ ਹੀ ਰਹਿਣ ਲਗ ਪਏ। ਉਹ ਦਿਨ ਵਿਚ ਇਕ ਵਾਰੀ ਗੁਫ਼ਾ 'ਚੋਂ ਬਾਹਰ ਨਿਕਲਦੇ, ਸ਼ਹਿਰ ਜਾਂਦੇ ਤੇ ਜਿਹੜੀ ਥੋੜੀ ਬਹੁਤ ਭਿਖਿਆ ਮਿਲ ਜਾਂਦੀ,ਲੈ ਕੇ ਵਾਪਸ ਗੁਫ਼ਾ ਵਿਚ ਆ ਜਾਂਦੇ।

ਪਹਿਲੇ ਦਿਨ ਹੀ ਜਦ ਉਹ ਭਿਖਿਆ ਲਈ ਸ਼ਹਿਰ ਵਿਚ ਦਾਖ਼ਲ ਹੋਏ ਤਾਂ ਉਨ੍ਹਾਂ ਦਾ ਅਲੌਕਿਕ ਤੇਜ ਦੇਖ ਕੇ ਲੋਕ ਹੈਰਾਨ ਰਹਿ ਗਏ। ਲੋਕਾਂ ਇਹੋ ਜਿਹੀ ਦਿਬ ਮੂਰਤੀ ਅਗੇ ਕਦੇ ਨਹੀਂ ਸੀ ਵੇਖੀ। ਲੋਕ ਉਨ੍ਹਾਂ ਦੇ ਇਰਦ ਗਿਰਦ ਹੋ ਜਾਂਦੇ ਤੇ ਦਰਸ਼ਨ ਕਰ ਕੇ ਆਪਣਾ ਜੀਵਣ ਸਫ਼ਲ ਸਮਝਦੇ।

ਇਕ ਦਿਨ ਮਹਿਲੀਂ ਬੈਠੇ ਰਾਜ ਬਿੰਬਸਰ ਦੀ ਨਿਗ੍ਹਾ ਵੀ ਬੁਧ ਵਲ ਜਾ ਪਈ ਤੇ ਉਹ ਵੀ ਉਨ੍ਹਾਂ ਦੀ ਮਹਾਨ ਤੇਜ-ਮਈ ਮੂਰਤੀ ਦੇਖ ਕੇ ਸੋਚਣ ਲਗਾ, ਆਖ਼ਿਰ ਇਹ ਕੌਣ ਦਿਬ ਮੂਰਤੀ ਹੈ ? ਉਸ ਨੇ ਨੌਕਰ ਨੂੰ ਭੇਜਿਆ। ਨੌਕਰ ਗਿਆ ਤੇ ਭਗਵਾਨ ਦੀ ਅਲੌਕਿਕ ਮੂਰਤੀ ਦੇਖ ਕੇ ਇਤਨਾ ਮਸਤ ਹੋਇਆ ਕਿ ਰਾਜਾ ਦੀ ਆਗਿਆ ਉਸ ਨੂੰ ਭੁੱਲ ਹੀ ਗਈ। ਉਹ ਉਨ੍ਹਾਂ ਦੇ ਪਿਛੇ ਪਿਛੇ ਲਗ ਤੁਰਿਆ।

ਬੁੱਧ ਸ਼ਹਿਰੋਂ ਨਿਕਲ ਕੇ ਇਕ ਰੁਖ ਹੇਠਾਂ ਬੈਠ ਗਏ ਤੇ ਜਿਹੜੀ ਭਿਖਿਆ ਮਿਲੀ ਸੀ, ਬੈਠ ਕੇ ਖਾਣ ਲਗੇ। ਭਿਖਿਆ ਇਹੋ ਜਿਹੀ ਸੀ ਕਿ ਜਿਸ ਨੂੰ ਤਕਿਆਂ ਵੀ ਉਲਟੀ ਆਉਂਦੀ ਸੀ,



Digitized by Panjab Digital Library | www.panjabdigilib.org

ਪਰ ਉਨ੍ਹਾਂ ਖਾਣੀ ਸੀ ਤੇ ਖਾਧੀ। ਰਾਜਾ ਦਾ ਨੌਕਰ ਇਹ ਸਭ ਦੇਖ ਚਾਖ ਕੇ ਰਾਜਾ ਦੇ ਪਾਸ ਪਹੁੰਚਾ ਤੇ ਸਾਰੀ ਗਲ ਉਸਨੂੰ ਆਖ ਸੁਣਾਈ। ਸੁਣ ਕੇ ਰਾਜਾ ਨੂੰ ਹੋਰ ਵੀ ਸ਼ਰਧਾ ਵਧੀ ਤੇ ਉਹ ਖ਼ੁਦ ਚਲ ਕੇ ਬੁੱਧ ਪਾਸ ਆਇਆ। ਹਥ ਜੋੜ ਕੇ ਉਸ ਨੇ ਬੇਨਤੀ ਕੀਤੀ, "ਮਹਾਰਾਜ! ਆਪ ਦਾ ਭਿਖਿਆ ਮੰਗਕੇ ਗੁਜ਼ਾਰਾ ਕਰਨਾ ਮੈਨੂੰ ਚੰਗਾ ਨਹੀਂ ਲਗਦਾ ਕਿਉਂਕਿ ਆਪ ਬਹੁਤ ਵਡੀ ਕੁਲ ਵਿਚ ਪੈਦਾ ਹੋਏ ਹੋ। ਜੇਕਰ ਤੁਸੀਂ ਮੁਹੱਬਤ ਦੇ ਵੱਸ ਹੋ ਕੇ, ਤਾਕਤ ਨਾਲ ਪਿਤਾ ਕੋਲੋਂ ਰਾਜ ਲੈਣਾ ਨਹੀਂ ਚਾਹੁੰਦੇ ਤੇ ਵਕਤ ਦੀ ਇੰਤਜ਼ਾਰ ਕਰਨ ਨੂੰ ਤਿਆਰ ਨਹੀਂ ਹੋ ਤਾਂ ਕਿਰਪਾ ਕਰ ਕੇ ਮੇਰਾ ਅੱਧਾ ਰਾਜ ਲੈ ਲਵੋ। ਜੇ ਇਹ ਵੀ ਨਹੀਂ ਕਰਨਾ ਤਾਂ ਮੈਂ ਆਪ ਦੇ ਨਾਲ ਹਾਂ। ਆਪ ਦੁਸ਼ਮਣਾਂ ਨੂੰ ਜਿੱਤ ਕੇ ਆਪਣਾ ਸੁਤੰਤਰ ਰਾਜ ਕਾਇਮ ਕਰ ਲਵੋ।"

ਬਿੰਬਸਰ ਨੇ ਆਪਣੇ ਪੱਖ ਵਿਚ ਹੋਰ ਵੀ ਬਹੁਤ ਕੁਝ ਕਿਹਾ ਤੇ ਰਾਜ-ਨੀਤੀ, ਧਰਮ-ਨੀਤੀ ਤੇ ਲੋਕ-ਨੀਤੀ ਦੀ ਖੁਲ੍ਹ ਕੇ ਵਿਆਖਿਆ ਕੀਤੀ ਪਰ ਬੁੱਧ ਉਤੇ ਉਸ ਦਾ ਕੋਈ ਅਸਰ ਨਾ ਹੋਇਆ। ਉਨ੍ਹਾਂ ਨੇ ਇਕੋ ਹੀ ਜਵਾਬ ਦਿਤਾ—"ਮੈਨੂੰ ਕੁਝ ਨਹੀਂ ਚਾਹੀਦਾ। ਨਾ ਵਸਤੂ ਕਾਮਨਾ ਹੈ, ਨਾ ਭੋਗ ਕਾਮਨਾ ਹੈ। ਮੈਂ ਤਾਂ ਮਹਾਨ ਬੁੱਧ ਗਿਆਨ ਹਾਸਲ ਕਰਨਾ ਹੈ। ਕਰ ਲਿਆ ਤਾਂ ਠੀਕ, ਨਹੀਂ ਤਾਂ ਮਰ ਹੀ ਜਾਵਾਂਗਾ ਪਰ ਦੁਨੀਆਂ ਨੂੰ ਨਾਕਾਮ ਮੂੰਹ ਨਹੀਂ ਦਿਖਾਵਾਂਗਾ।"

ਬਿੰਬਸਾਰ ਨਿਰੁਤਰ ਹੋ ਗਿਆ ਤੇ ਸਿਰ ਨਿਵਾ ਕੇ ਮਹਿਲਾਂ ਨੂੰ ਚਲਾ ਗਿਆ।



Digitized by Panjab Digital Library | www.panjabdigilib.org

# ਜੱਗ –

ਰਾਜਾ ਬਿੰਬਸਾਰ ਪੁਤ੍ਰ-ਹੀਨ ਸੀ। ਪਰੋਹਤ ਉਨ੍ਹਾਂ ਦਿਨਾਂ ਵਿਚ ਬੜੇ ਲਾਲਚੀ ਹੁੰਦੇ ਸਨ। ਉਹ ਸਦਾ ਇਹ ਵੇਖਦੇ ਰਹਿੰਦੇ ਸਨ ਕਿ ਕਿਸ ਮਾਲਦਾਰ ਅਸਾਮੀ ਨੂੰ ਕਿਸ ਚੀਜ਼ ਦੀ ਕਮੀ ਹੈ। ਉਹ ਉਸੇ ਦੀ ਪ੍ਰਾਪਤੀ ਵਾਸਤੇ ਉਸ ਕੋਲੋਂ ਬੜੇ ਬੜੇ ਜਗ ਹਵਨ ਕਰਾ ਦਿੰਦੇ ਸਨ। ਰਾਜਾ ਬਿੰਬਸਾਰ ਕੋਲੋਂ ਉਨ੍ਹਾਂ "ਪੁਤ੍ਰੇਸ਼ਟੀ ਜੱਗ" ਸ਼ੁਰੂ ਕਰਾਇਆ। ਜਗ ਵਿਚ ਹੋਮ ਕਰਨ ਲਈ ਹਜ਼ਾਰਾਂ ਮਣ ਚੰਗੇ ਤੋਂ ਚੰਗਾ ਘਿਉ, ਅਨਾਜ, ਮੇਵਾ, ਦਾਣਾ ਤੇ ਹੋਰ ਕਈ ਤਰ੍ਹਾਂ ਦੀਆਂ ਕੀਮਤੀ ਚੀਜ਼ਾਂ ਜਮ੍ਹਾਂ ਹੋ ਗਈਆਂ। ਅਨੇਕਾਂ ਹੀ ਬਕਰੇ ਆਉਣੇ ਸ਼ੁਰੂ ਹੋ ਗਏ। ਦਖਣਾ ਦੇ ਲੋਭੀ ਪਰੋਹਤ ਲੋਕ ਵੀ ਬੜੀ ਬੜੀ ਦੂਰੋਂ ਚਲ ਕੇ ਆਣ ਇਕਠੇ ਹੋਏ। ਜੱਗ ਹੋਣ ਲਗਾ ਤੇ ਪਸ਼ੂਆਂ ਦੇ ਸਿਰਾਂ ਨਾਲ ਚਟ ਚਟ ਕਰਦੀ ਜੱਗ ਸ਼ਾਲਾ ਚਿਖਾ ਦੇ ਰੂਪ ਵਿਚ ਬਦਲ ਗਈ।

ਗਰਮੀਆਂ ਦਾ ਮੌਸਮ ਸੀ, ਕੜਕਦੀ ਧੁਪ ਪੈ ਰਹੀ ਸੀ, ਤੇ ਬੜੇ ਜ਼ੋਰਾਂ ਦੀ ਤਤੀ ਲੋ ਚਲ ਰਹੀ ਸੀ। ਅਜਿਹੇ ਭਿਆਨਕ ਤੇ ਦੁਖਦਾਈ ਸਮੇਂ ਕੁਝ ਅਯਾਲੀ ਭੇਡਾਂ ਦਾ ਇਕ ਇਜੜ ਲੈ ਕੇ ਉਸ ਗੁਫ਼ਾ ਦੇ ਅਗੋਂ ਲੰਘੇ, ਜਿਸ ਵਿਚ ਬੁਧ ਦੇਵ ਰਹਿੰਦੇ ਸਨ। ਬੁਧ ਦੇਵ ਨੇ ਦੇਖਿਆ, ਕੜਕਦੀ ਧੁਪ ਦੇ ਕਾਰਨ ਤੇ ਉਤੋਂ ਸੋਟੀਆਂ ਤੇ ਚਾਬਕਾਂ ਦੀ ਮਾਰ ਦੇ ਕਾਰਨ ਪਸ਼ੂ ਬੜੇ ਬੇਚੈਨ ਹੋ ਰਹੇ ਹਨ। ਫਿਰ ਉਨ੍ਹਾਂ ਵਿਚ ਇਕ ਬਚਾ ਹੈ, ਜਿਸ ਦੇ ਪੈਰ ਨੂੰ ਸੱਟ ਲਗੀ ਹੋਈ ਹੈ ਤੇ ਪੈਰ ਵਿਚੋਂ ਖ਼ੂਨ ਨਿਕਲ ਰਿਹਾ ਹੈ। ਉਹ ਡਿਗਦਾ ਢਹਿੰਦਾ ਬੜੀ ਮੁਸ਼ਕਿਲ ਨਾਲ



Digitized by Panjab Digital Library | www.panjabdigilib.org

ਚਲ ਰਿਹਾ ਹੈ। ਬੁਧ ਦਾ ਦਿਲ ਭਰ ਆਇਆ। ਉਨ੍ਹਾਂ ਅਯਾਲੀਆਂ ਨੂੰ ਪੁਛਿਆ, "ਇਸ ਸਖ਼ਤ ਧੁਪ ਵਿਚ ਇਨ੍ਹਾਂ ਪਸ਼ੂਆਂ ਨੂੰ ਕਿਥੇ ਲਈ ਜਾਂਦੇ ਹੋ ?" ਉਨ੍ਹਾਂ ਕਿਹਾ, "ਰਾਜਾ ਬਿੰਬ-ਸਾਰ ਦੇ ਜਗ ਹੈ। ਉਸ ਵਿਚ ਇਹ ਬਲੀ ਚੜ੍ਹਾਏ ਜਾਣਗੇ। ਬੁਧ ਬੋਲੇ, "ਤਾਂ ਮੈਂ ਵੀ ਤੁਹਾਡੇ ਨਾਲ ਚਲਦਾ ਹਾਂ।" ਉਨ੍ਹਾਂ ਕਿਹਾ, "ਜ਼ਰੂਰ !" ਬੁਧ ਨੇ ਉਸ ਜ਼ਖ਼ਮੀ ਲੇਲੇ ਨੂੰ ਕੁਛੜ ਚੁਕ ਲਿਆ ਤੇ ਉਨ੍ਹਾਂ ਦੇ ਨਾਲ ਚਲ ਪਏ।

ਸੂਰਜ ਡੁਬਣ ਦਾ ਵੇਲਾ ਸੀ। ਜਗ ਹੋ ਰਿਹਾ ਸੀ। ਬ੍ਰਾਹਮਣ ਲੋਕ ਵੇਦ ਮੰਤਰ ਬੋਲ ਬੋਲ ਕੇ ਸ੍ਵਾਹਾ ਸ੍ਵਾਹਾ ਕਰੀ ਜਾ ਰਹੇ ਸਨ। ਇਕ "ਰਿਤਵਿਜ" (ਜਗ ਕਰਾਉਣ ਵਾਲਾ) ਇਕ ਪਸ਼ੂ ਦੀ ਗਰਦਨ ਤੇ ਤਿਖੀ ਤਲਵਾਰ ਤਾਣ ਕੇ ਕਹਿ ਰਿਹਾ ਸੀ—ਦੇਵਤਿਓ ! ਆਪ ਸਭ ਆ ਕੇ ਇਸ ਪਸ਼ੂ ਨੂੰ ਕਬੂਲ ਕਰੋ। ਮਹਾਰਾਜਾ ਬਿੰਬਸਾਰ ਦੇ ਘਰ ਪੁੱਤਰ ਹੋਵੇ, ਇਸ ਲਈ ਇਹ ਕੁਰਬਾਨ ਕੀਤਾ ਜਾ ਰਿਹਾ ਹੈ।

ਉਹ ਅਜੇ ਲੱਗਾ ਹੀ ਸੀ ਵਾਰ ਕਰਨ ਕਿ ਬੋਧੀ ਸਤਵ ਪਹੁੰਚ ਗਏ ਤੇ ਉਨ੍ਹਾਂ ਨੇ ਦੌੜ ਕੇ "ਰਿਤਵਿਜ" ਦਾ ਹੱਥ ਪਕੜ ਲਿਆ ਤੇ ਕਿਹਾ, "ਪਹਿਲੇ ਮੇਰੀ ਗੱਲ ਸੁਣੋ, ਫਿਰ ਮਾਰਨਾ ਇਸ ਪਸ਼ੂ ਨੂੰ।"

ਸਾਰੇ ਹੈਰਾਨ ਪਰੇਸ਼ਾਨ ਹੋ ਗਏ ਕਿ ਇਹ ਕੀ ? ਇਹ ਕੌਣ ਹੈ, ਸਾਡਾ ਹਥ ਫੜਨ ਵਾਲਾ। ਖ਼ੁਦ ਰਾਜਾ ਬਿੰਬਸਰ ਵੀ ਪੱਥਰ ਦੀ ਮੂਰਤ ਵਰਗਾ ਹੋ ਗਿਆ। ਕਿਸੇ ਤੋਂ ਕੁਝ ਕਿਹਾ ਨਾ ਗਿਆ। ਬੁਧ ਦਾ ਤੇਜ ਪ੍ਰਤਾਪ ਹੀ ਅਜਿਹਾ ਸੀ।

ਉਂਜ ਰਾਜਾ ਬਿੰਬਸਰ ਬੜਾ ਖ਼ੁਸ਼ ਹੋਇਆ ਕਿ ਸ਼ੁਕਰ ਹੈ,



Digitized by Panjab Digital Library | www.panjabdigilib.org

ਇਸ ਦਿਬ ਮੂਰਤੀ ਦੇ ਘਰ ਬੈਠਿਆਂ ਦਰਸ਼ਨ ਹੋਏ। ਉਸ ਨੇ ਬੁਧ ਦਾ ਸਵਾਗਤ ਕੀਤਾ—"ਆਓ,ਆਓ ਮਹਾਤਮਾ ਜੀ। ਬੜੀ ਖੁਸ਼-ਕਿਸਮਤੀ ਹੈ ਸਾਡੀ ਜੇ ਇਸ ਜੱਗ-ਭੂਮੀ ਤੇ ਆਪ ਦੇ ਵੀ ਚਰਨ ਪਏ।"

ਬੁਧ ਨੇ ਕਿਹਾ, "ਭਲਾ ਹੋਵੇ ਰਾਜਾ ਤੇਰਾ ਮੈਂ ਆਪ ਪਾਸ ਇਨ੍ਹਾਂ ਪਸ਼ੂਆਂ ਦੀ ਪ੍ਰਾਣ-ਭਿਖਿਆ ਮੰਗਣ ਆਇਆ ਹਾਂ। ਦਇਆ ਕਰੋ ਤੇ ਇਨ੍ਹਾਂ ਸਾਰਿਆਂ ਦੇ ਜੀਵਨ ਦੀ ਰਖਿਆ ਕਰੋ।"

ਇਹ ਆਖ ਕੇ ਉਨ੍ਹਾਂ ਆਪਣੇ ਹਥੀਂ ਬਲੀ ਹੋਣ ਵਾਲੇ ਪਸ਼ੂ ਦਾ ਰਸਾ ਖੋਲ੍ਹ ਦਿਤਾ। ਕਾਤਲ ਦੇ ਹਥੋਂ ਹਥਿਆਰ ਆਪਣੇ ਆਪ ਹੀ ਡਿਗ ਪਿਆ। ਸਭ ਦੇ ਮੂੰਹ ਤੇ ਬੂਰੀ ਛਾਪਣਾ ਸਿਲ· ਗਈ। ਕਿਸੇ ਵੀ ਬਿੜਕਣ ਦੀ ਹੀਆ ਨਾ ਕੀਤਾ। ਬੁਧ ਨੇ ਕਿਹਾ—

"ਰਾਜਾ! ਸੋਚ ਕੀ ਕਰ ਰਿਹ ਹੈ! ਪ੍ਰਾਣ ਤਾਂ ਜਿਸ ਦੇ ਚਾਹੇਂ ਤੂੰ ਲੈ ਸਕਦਾ ਹੈਂ ਪਰ ਕੀ ਦੇ ਵੀ ਸਕਦਾ ਹੈਂ? ਕੋਈ ਚਾਹੇ ਕਿਤਨਾਂ ਵੀ ਛੋਟੇ ਤੋਂ ਛੋਟਾ ਪ੍ਰਾਣੀ ਹੋਵੇ, ਕਿਸੇ ਹਾਲਤ ਵਿਚ ਵੀ ਹੋਵੇ, ਮਰਨਾ ਕਦੇ ਨਹੀਂ ਚਾਹੁੰਦਾ। ਜੇ ਰਾਜਾ! ਮਨ ਵਿਚ ਦਇਆ ਭਾਵ ਹੋਵੇ ਤਾਂ ਇਹ ਜੀਵਨ ਅਮੁਲ ਹੈ। ਲੋਕੀਂ ਖੁਦ ਨਿਰਦਈ ਹੋ ਕੇ ਦੇਵਤਿਆਂ ਪਾਸੋਂ ਦਇਆ ਚਾਹੁੰਦੇ ਹਨ, ਇਹ ਕਿਵੇਂ ਹੋ ਸਕਦਾ ਹੈ? ਨਿਸ਼ਚੇ ਹੀ ਇਹ ਉਨ੍ਹਾਂ ਦੀ ਭੁਲ ਹੈ। ਜੇ ਕੋਈ ਦੇਵਤਾ ਹੈ ਵੀ ਤਾਂ ਉਨ੍ਹਾਂ ਲਈ ਮਨੁਖ ਤੇ ਪਸ਼ੂ ਇਕੋ ਜਿਹੇ ਹੋਣੇ ਚਾਹੀਦੇ ਹਨ ਤੇ ਹੋਣਗੇ।

"ਰਾਜਾ! ਸੰਸਾਰ ਵਿਚ ਜਿਤਨੇ ਵੀ ਜੀਵ ਹਨ,ਸਭ ਇਕੋ ਜਿਹੇ ਹਨ। ਜਿਸ ਨੂੰ ਇਹ ਗਿਆਨ ਹੋ ਗਿਆ, ਉਹੋ ਸ੍ਰੇਸ਼ਟ ਹੈ,



Digitized by Panjab Digital Library | www.panjabdigilib.org

ਮਹਾਨ ਹੈ ਵੇਖੋ, ਜਿਹੜੇ ਪਸ਼ੂ ਘਾਹ ਫੂਸ ਖਾ ਕੇ ਅਮੋਲਕ ਦੁਧ ਦੇਂਦੇ ਹਨ, ਲੋਕ ਉਨ੍ਹਾਂ ਨੂੰ ਵੀ ਆਪਣੇ ਖਿਆਲੀ ਯਕੀਨ ਤੇ ਮੌਤ ਦੇ ਘਾਟ ਉਤਾਰ ਦੇਂਦੇ ਹਨ। ਇਹ ਪਾਪ ਨਹੀਂ ਤਾਂ ਕੀ ਹੈ ? ਅਤਿਆਚਾਰ ਨਹੀਂ ਤਾਂ ਕੀ ਹੈ ? ਸ਼ਾਸਤ੍ਰਾਂ ਦਾ ਕਹਿਣਾ ਹੈ ਕਿ ਕਿਤਨੇ ਹੀ ਮਨੁਖ ਇਨਸਾਨੀ ਜ਼ਿੰਦਗੀ ਬਿਤਾ ਕੇ ਕਈ ਤਰ੍ਹਾਂ ਦੇ ਪਸ਼ੂਆਂ ਪੰਛੀਆਂ ਦੀ ਜ਼ਿੰਦਗੀ ਵਿਚ ਆਉਂਦੇ ਹਨ ਤੇ ਅਖ਼ੀਰ ਫਿਰ ਮਨੁਖ ਦਾ ਹੀ ਸਰੀਰ ਹਾਸਲ ਕਰਦੇ ਹਨ। ਜੀਵ ਅਗ ਦੇ ਅੰਗਿਆਰੇ ਦੀ ਤਰ੍ਹਾਂ ਸੰਸਾਰ ਚਕਰ ਦੇ ਫੇਰੇ ਖਾਂਦਾ ਹੋਇਆ ਕਦੀ ਚਮਕਦਾ ਹੈ, ਕਦੀ ਫਿਰ ਅਗ ਦੀ ਲਾਟ ਵਿਚ ਲੀਨ ਹੋ ਜਾਂਦਾ ਹੈ। ਮਹਾਰਾਜ ! ਜੀਵ ਨੂੰ ਮਾਰਨਾ ਨਿਸਚੇ ਹੀ ਮਹਾਂ ਪਾਪ ਹੈ, ਕਿਉਂਕਿ ਇਸ ਤਰ੍ਹਾਂ ਜੀਵ ਦੀ ਗਤੀ ਨੂੰ ਰੋਕਣਾ ਅਨਿਆਇ ਹੈ, ਅਤਿਆਚਾਰ ਹੈ। ਜੀਵ ਖ਼ੂਨ ਨਾਲ, ਹਤਿਆ ਨਾਲ ਕਦੇ ਸ਼ੁਧ ਨਹੀਂ ਹੋ ਸਕਦਾ, ਆਪਣੇ ਆਪ ਤੇ ਕਾਬੂ ਪਾਉਣ ਅਤੇ ਸੰਜਮ ਨਾਲ ਸ਼ੁਧ ਹੋ ਸਕਦਾ ਹੈ। ਯਾਦ ਰਖੋ, ਜੋ ਜੈਸਾ ਕਰਦਾ ਹੈ, ਤੈਸਾ ਹੀ ਫਲ ਪਾਉਂਦਾ ਹੈ। ਜ਼ਿੰਦਗੀ ਵਿਚ ਜਿਹੋ ਜਿਹੇ ਬਚਨ ਤੇ ਵਿਚਾਰ ਹੁੰਦੇ ਹਨ, ਉਸੇ ਤਰ੍ਹਾਂ ਦੀ ਭਲੀ ਜਾਂ ਬੁਰੀ ਗਤੀ ਮਿਲਦੀ ਹੈ। ਇਹ ਨੇਮ ਬਿਨਾ ਫ਼ਰਕ ਦੇ ਤੇ ਕਦੇ ਨਾ ਰੁਕਣ ਵਾਲਾ ਹੈ। ਜਿਸ ਨੂੰ ਭਾਵੀ ਆਖਦੇ ਹਨ, ਕਰਮਾਂ ਦਾ ਹੀ ਫਲ ਹੈ।"

ਬੋਧੀ ਸਤਵ ਦੇ ਇਸ ਉਪਦੇਸ਼ ਦਾ ਰਾਜਾ ਬਿੰਬਸਰ ਤੇ ਬੜਾ ਅਸਰ ਹੋਇਆ ਤੇ ਉਸ ਨੇ ਉਸੇ ਵੇਲੇ ਜੱਗ ਬੰਦ ਕਰਵਾ ਦਿਤਾ। ਪਸ਼ੂਆਂ ਨੂੰ ਖੋਲ੍ਹ ਦਿਤਾ। ਪਰੋਹਤਾਂ ਨੂੰ ਖ਼ਾਲੀ ਹੱਥ ਮੋੜ ਦਿਤਾ। ਇਹ ਦੇਖ ਕੇ ਬੋਧੀ ਸਤਵ ਬੜੇ ਖੁਸ਼ ਹੋਏ ਤੇ ਉਨ੍ਹਾਂ ਕਿਹਾ, "ਰਾਜਾ ਤੇਰਾ ਭਲਾ ਹੋਵੇ, ਲੈ ਅਸੀਂ ਹੁਣ ਜਾਂਦੇ ਹਾਂ।



Digitized by Panjab Digital Library | www.panjabdigilib.org

ਸਾਡਾ ਨਿਸ਼ਚਾ "ਅਭੀ ਸੰਬੋਧੀ" (ਬੋਧੀ ਗਿਆਨ) ਹਾਸਲ ਕਰਨਾ ਹੈ।" ਰਾਜਾ ਨੇ ਕਿਹਾ ਹਾਸਲ ਕਰ ਕੇ ਸਭ ਤੋਂ ਪਹਿਲੋਂ ਇਥੇ ਹੀ ਪਧਾਰਨਾ।" "ਚੰਗਾ, ਜਿਹਾ ਹੋਊ ਦੇਖਿਆ ਜਾਊ," ਕਹਿ ਕੇ ਬੁਧ ਦੇਵ ਤੁਰ ਪਏ।

## ਉਦ੍ਰਕ ਪਾਸ –

ਰਾਜ ਗ੍ਰਿਹ ਵਿਚ ਇਕ ਜਗ੍ਹਾ ਰਾਮ ਪੁਤ ਉਦ੍ਰਕ ਨਾਉਂ ਦਾ ਇਕ ਬੜਾ ਭਾਰਾ ਪੰਡਤ ਰਹਿੰਦਾ ਸੀ। ਉਸ ਕੋਲੋਂ ਉਨ੍ਹਾਂ ਨੇ 'ਸਮਾਧੀ' ਲਾਓਣੀ ਸਿਖੀ ਤੇ 'ਉਰੂ ਵੇਲਾ' ਨੂੰ ਤੁਰ ਪਏ। ਚੱਲਣ ਲਗਿਆਂ ਨਾਲ ਉਥੋਂ ਦੇ ਪੰਜ ਬੜੇ ਹੋਸ਼ਿਆਰ ਸ਼ਿਸ਼ ਵੀ ਤੁਰ ਪਏ। ਇਹੋ ਅਗੇ ਚਲ ਕੇ 'ਪੰਚ ਭਦ੍ਰ ਵਰਗੀਯ' ਨਾਮ ਤੋਂ ਮਸ਼ਹੂਰ ਹੋਏ।

## ਤਪੱਸਿਆ –

ਵੈਸ਼ਾਲੀ ਦੇ ਆਰਾਡ ਕਾਲਾਮ ਤੋਂ ਤੇ ਰਾਜ ਗ੍ਰਿਹ ਦੇ ਰਾਮ ਪੁਤ ਉਦ੍ਰਕ ਕੋਲੋਂ ਵੀ ਆਪਣੇ ਸਵਾਲਾਂ ਦਾ ਜਵਾਬ ਨਾ ਪਾ ਕੇ ਵੀ ਬੋਧੀ ਸੱਤਵ ਨਿਰਾਸ਼ ਨਾ ਹੋਏ ਤੇ ਆਪਣੇ ਨਿਸ਼ਾਨੇ ਵਲ ਲਗੇ ਰਹੇ।

ਰਾਜ ਗ੍ਰਿਹ ਤੋਂ ਬੁਧ ਗਯਾ ਪਹੁੰਚੇ। ਪੰਜੇ ਸਾਥੀ ਵੀ ਨਾਲ ਸਨ। ਉਥੇ ਉਨ੍ਹਾਂ ਨੇ ਕਈ ਤਰ੍ਹਾਂ ਦੇ ਸਾਧੂਆਂ ਨੂੰ ਦੇਖਿਆ ਤੇ ਤਪ ਕਰ ਕੇ ਵੀ ਦੇਖ ਲੈਣਾ ਆਪਣੇ ਮਨ ਨਾਲ ਪੱਕਾ ਕੀਤਾ।



Digitized by Panjab Digital Library | www.panjabdigilib.org

ਨਿਰੰਜਨਾ ਨਦੀ ਦੇ ਕਿਨਾਰੇ ਉਰੁ ਵਿਲਵ ਪਿੰਡ ਦੇ ਕੋਲ ਤਪ ਲਈ ਉਨ੍ਹਾਂ ਧਰਤੀ ਪਸੰਦ ਕੀਤੀ ਤੇ ਉਥੇ ਇਕ ਸੋਹਣੀ ਪਰ ਇਕਾਂਤ ਜਗ੍ਹਾ ਲਭ ਕੇ ਆਸਨ ਲਾ ਕੇ ਬੈਠ ਗਏ। ਪੰਚ ਭਦ੍ਰ ਵਰਗੀਯ ਉਨ੍ਹਾਂ ਦੀ ਸੇਵਾ ਲਈ ਤਿਆਰ ਹੋ ਗਏ। ਉਨ੍ਹਾਂ ਨੇ ਸੇਵਾ ਸ਼ੁਰੂ ਕਰ ਦਿਤੀ।

ਦਿਨ ਤੇ ਦਿਨ, ਮਹੀਨੇ ਤੇ ਮਹੀਨੇ ਬੀਤਣ ਲਗੇ। ਬੋਧੀ ਸੱਤਵ ਸੋਚਦੇ, ਕਿਸ ਤਰ੍ਹਾਂ ਦੁਖਾਂ ਤੇ ਫਤਹ ਪਾਈ ਜਾਏ। ਹੌਲੀ ਹੌਲੀ ਉਨ੍ਹਾਂ ਨੇ ਰੋਜ ਦਾ ਖਾਣਾ ਛੱਡ ਦਿਤਾ। ਕਦੀ ਕੁਝ ਖਾ ਲੈਂਦੇ, ਕਦੀ ਕੁਝ ਤੇ ਕਦੀ ਕੁਝ ਵੀ ਨਾ।

ਆਖ਼ਰ ਉਹ ਕਠੋਰ ਤਪਸਿਆ ਤੇ ਉਤਰ ਆਏ। ਗਰਮੀਆਂ ਵਿਚ ਉਹ 'ਪੰਜ ਅਗਨੀ' ਤਪਣ ਲਗੇ ਤੇ ਸਰਦੀਆਂ ਵਿਚ ਬਿਨਾਂ ਕਪੜਿਆਂ ਤੋਂ ਹੀ ਰਹਿਣ ਲਗੇ। ਹੋਰ ਵੀ ਕਈ ਸਖ਼ਤੀਆਂ ਉਨ੍ਹਾਂ ਆਪਣੇ ਸਰੀਰ ਨਾਲ ਕੀਤੀਆਂ। ਬੜੇ ਬੜੇ ਹਠ ਯੋਗੀ ਵੀ ਬੁਧ ਦਾ ਹਠ ਯੋਗ ਵੇਖ ਕੇ ਹੈਰਾਨ ਹੋ ਗਏ।

ਨਤੀਜਾ ਇਹ ਹੋਇਆ ਕਿ ਬੁਧ ਦਾ ਸਰੀਰ ਸੁਕ ਕੇ ਕਾਨੇ ਵਾਂਗੂ ਹੋ ਗਿਆ। ਤਮਾਮ ਹਡੀਆਂ ਹੀ ਹਡੀਆਂ ਨਿਕਲ ਆਈਆਂ, ਅਖਾਂ ਵਿਚ ਧਸ ਗਈਆਂ, ਚਿਹਰੇ ਤੇ ਝੁਰੜੀਆਂ ਪੈ ਗਈਆਂ ਤੇ ਤਾਕਤ ਬਿਲਕੁਲ ਜਾਂਦੀ ਰਹੀ। ਫਿਰ ਵੀ ਬੁਧ ਪਿਛੇ ਨਾ ਹਟੇ।

ਕਰਦਿਆਂ ਕਰਦਿਆਂ ਛੇ ਵਰ੍ਹੇ ਬੀਤ ਗਏ, ਬਣਿਆਂ ਕੁਝ ਨਾ। ਬੁਧ ਨੂੰ ਤਪ ਤੋਂ ਸ਼ਰਧਾ ਹਟ ਗਈ ਤੇ ਉਨ੍ਹਾਂ ਤਪ ਕਰਨਾ ਛਡ ਦਿਤਾ।

ਬੁਧ ਦੇ ਸਾਥੀ ਇਹ ਸਮਝ ਕੇ ਕਿ ਬੁਧ ਤਕਲੀਫ਼ਾਂ ਤੋਂ



Digitized by Panjab Digital Library | www.panjabdigilib.org

ਘਬਰਾ ਗਿਆ ਹੈ, ਬੁਧ ਦਾ ਸਾਥ ਛਡ ਕੇ ਕਾਸ਼ੀ ਦੇ ਕੋਲ ਰਿਖੀ ਪਤਨ ਨਾਂ ਦੇ ਜੰਗਲ ਵਿਚ ਤਪ ਕਰਨ ਚਲੇ ਗਏ ।

## ਅਗਲਾ ਕਦਮ –

ਤਪ ਕਰਨਾ ਛੱਡ ਕੇ ਬੁਧ ਸੋਚਣ ਲਗੇ, ਹੁਣ ਕੀ ਕਰਨਾ ਚਾਹੀਦਾ ਹੈ ? ਸੋਚਦੇ ਸੋਚਦੇ ਉਹ ਨਿਰੰਜਣਾ ਨਦੀ ਦੇ ਕਿਨਾਰੇ ਪਹੁੰਚੇ ਤੇ ਹੌਲੀ ਹੌਲੀ ਨਦੀ ਵਿਚ ਨ੍ਹਾਤੇ ਤੇ ਕੁਝ ਸਿਹਤ ਜਿਹੀ ਪਾਈ। ਜਿਉਂ ਹੀ ਇਕ ਪਤਲੀ ਜਿਹੀ ਲਕੜ ਦੇ ਸਹਾਰੇ ਉਠੇ ਕਿ ਚੱਕਰ ਖਾ ਕੇ ਧਰਤੀ ਤੇ ਡਿਗ ਪਏ । ਆਖ਼ਰ ਉਠਦੇ ਬਹਿੰਦੇ ਆਪਣੇ ਆਸਨ ਤੇ ਆਏ ਤੇ ਫਿਰ ਇਕ ਲੰਗੋਟੀ ਲਈ ਕਪੜਾ ਲੱਭਣ ਮਸਾਨਾਂ ਵਿਚ ਪਹੁੰਚੇ। ਉਥੋਂ ਕਿਸੇ ਮੁਰਦੇ ਦਾ ਇਕ ਪਾਟਾ ਪੁਰਾਣਾ ਚੀਥੜਾ ਮਿਲ ਗਿਆ। ਓਹੋ ਉਨ੍ਹਾਂ ਨੇ ਗ਼ਨੀਮਤ ਸਮਝਿਆ ਤੇ ਲੈ ਕੇ ਆਸਨ ਤੇ ਆ ਗਏ।

ਏਨੇ ਵਿਚ ਉਧਰੋਂ ਗੌਣ ਵਜੌਣ ਵਾਲਿਆਂ ਦੀ ਪਾਰਟੀ ਲੰਘੀ ਉਸ ਵਿਚ ਇਕ ਨਾਚੀਪੈਰਾਂ ਨੂੰ ਘੁੰਗਰੂ ਬੰਨ੍ਹੇ ਠੁਮਕ ਠੁਮਕ ਕਰਦ ਚਲੀ ਜਾ ਰਹੀ ਸੀ। ਉਹ ਕਹਿ ਰਹੀ ਸੀ, ਨੱਚਣ ਦਾ ਆਨੰਦ ਤਦ ਆਉਂਦਾ ਹੈ, ਜਦ ਸਾਜ਼ ਠੀਕ ਵਜਦਾ ਹੋਵੇ । ਸਿਤਾਰ ਦੀਆਂ ਤਾਰਾਂ ਨਾ ਤਾਂ ਡਾਢੀਆਂ ਕਸੀਆਂ ਹੋਈਆਂ ਹੀ ਹੋਣ ਤੇ ਨਾ ਡਾਢੀਆਂ ਢਿਲੀਆਂ ਹੀ, ਬਲਕਿ ਰਾਸ ਦੀਆਂ ਹੋਣ–"ਬਾਹਲੀਆਂ ਕਸੀਆਂ ਜਾਣ ਤਾਂ ਟੁਟ ਜਾਂਦੀਆਂ ਹਨ ਤੇ ਬਾਹਲੀਆਂ ਢਿਲੀਆਂ ਰਖੀਆਂ ਜਾਣ ਤਾਂ ਵਜਦੀਆਂ ਨਹੀਂ ।"

ਫ਼ੌਰਨ ਬੁੱਧ ਦੀ ਸਮਝ ਵਿਚ ਗਲ ਆ ਗਈ ਤੇ ਉਨ੍ਹਾਂ



Digitized by Panjab Digital Library | www.panjabdigilib.org

ਮੰਨ ਲਿਆ ਕਿ ਨਾਂ ਤਾਂ ਸਰੀਰ ਨੂੰ ਡਾਢਾ ਕੱਸਣਾ ਹੀ ਚਾਹੀਦਾ ਹੈ, ਦੁਖ ਹੀ ਦੇਣਾ ਚਾਹੀਦਾ ਹੈ ਤੇ ਨਾਂ ਡਾਢਾ ਆਰਾਮ ਤਲਬ ਹੀ ਬਣਾਓਣਾ ਚਾਹੀਦਾ ਹੈ, ਬਲਕਿ ਵਿਚਲਾ ਰਸਤਾ ਇਖ਼ਤਿਆਰ ਕਰਨਾ ਚਾਹੀਦਾ ਹੈ।

ਸੋ ਉਨ੍ਹਾਂ ਏਸੇ ਤਰ੍ਹਾਂ ਹੀ ਕੀਤਾ ਤੇ ਇਸੇ ਦਵਾਰਾ ਆਪਣੇ ਨਿਸ਼ਾਨੇ ਤੇ ਪਹੁੰਚਣ ਦੇ ਸੁਪਨੇ ਵੇਖਣ ਲਗੇ। ਉਨ੍ਹਾਂ ਪੰਜ ਸੁਪਨੇ ਵੇਖੇ ਤੇ ਹਰ ਸੁਪਨੇ ਨੇ ਉਨ੍ਹਾਂ ਦੇ ਅੰਦਰ ਉਤਸ਼ਾਹ ਤੇ ਤਾਜ਼ਗੀ ਭਰੀ। ਏਨੇ ਵਿਚ ਇਕ ਹੋਰ ਬਣਾ ਆਣ ਬਣਿਆ, ਜਿਸ ਨੇ ਬੁਧ ਦੀ ਗਈ ਹੋਈ ਬਹੁਤ ਸਾਰੀ ਤਾਕਤ ਮੋੜ ਲਿਆਂਦੀ। ਉਹ ਇਵੇਂ–

ਵਸਾਖ ਦੀ ਪੂਰਬਣਾ ਨੂੰ ਹਰ ਪਾਸੇ ਆਨੰਦ ਹੀ ਆਨੰਦ ਛਾਇਆ ਹੋਇਆ ਸੀ। ਇਸ ਦਿਨ ਪਿੰਡ ਪਿੰਡ ਤੇ ਸ਼ਹਿਰ ਸ਼ਹਿਰ ਵਿਚ ਬੜਾ ਆਨੰਦ ਉਤਸਵ ਹੋਇਆ ਕਰਦਾ ਸੀ। "ਉਰੁਵਿਲਾ" ਦੇ ਨਜ਼ਦੀਕ ਸੇਨਾਨੀ ਨਾਮ ਦਾ ਇਕ ਕਸਬਾ ਸੀ। ਉਸ ਕਸਬੇ ਦੇ ਇਕ ਸ਼ਾਹੂਕਾਰ ਦੀ ਕੁੜੀ ਸੀ ਸੁਜਾਤਾ। ਸੁਜਾਤਾ ਨੇ ਬਣ ਦੇਵਤਾ ਦੀ ਇਕ ਸੁਖਣਾ ਸੁਖੀ ਹੋਈ ਸੀ। ਉਸ ਸੁਖਣਾ ਮੁਤਾਬਕ ਉਸ ਨੇ ਇਕ ਮਹਾਨ ਰਸਾਇਨ ਵਰਗੀ ਖੀਰ ਤਿਆਰ ਕੀਤੀ ਤੇ ਜਿਸ ਦ੍ਰਖਤ ਹੇਠਾਂ ਬੁਧ ਚੌਕੜੀ ਮਾਰ ਕੇ ਬੈਠੇ ਹੋਏ ਸਨ, ਬੜੇ ਭਗਤੀ ਭਾਵ ਨਾਲ ਲੈ ਆਈ। ਉਹ ਬੁਧ ਦੀ ਮਹਾਨ ਤੇਜ-ਮਈ ਮੂਰਤੀ ਵੇਖ ਕੇ ਬੜੀ ਪ੍ਰਸੰਨ ਹੋਈ ਤੇ ਸਮਝਿਆ ਮੇਰੀ ਸ਼ਰਧਾ ਭਗਤੀ ਵੇਖ ਕੇ ਬਣ ਦੇਵਤਾ ਖ਼ੁਦ ਭੇਟਾ ਲੈਣ ਆ ਬੈਠੇ ਹਨ। ਖੀਰ ਬੁਧ ਅਗੇ ਰਖ ਦਿਤੀ ਤੇ ਬੁਧ ਨੇ "ਤੇਰਾ ਕਲਿਆਣ ਹੋ" ਕਹਿ ਕੇ ਖਾ ਲਈ।



Digitized by Panjab Digital Library | www.panjabdigilib.org

ਖੀਰ ਦੇ ਫਲ ਸਰੂਪ ਬੁਧ ਵਿਚ ਉਸੇ ਵੇਲੇ ਇਕ ਨਵੀਂ ਸ਼ਕਤੀ ਭਰ ਆਈ ਤੇ ਉਹ ਆਪਣੇ ਆਪ ਨੂੰ ਚੰਗਾ ਸੇਹਤਮੰਦ ਮਹਿਸੂਸ ਕਰਨ ਲਗ ਪਏ।

ਉਨ੍ਹਾਂ ਸੁਜਾਤਾ ਨੂੰ ਕਿਹਾ, "ਮਾਂ ਤੂੰ ਸਾਨੂੰ ਅਮ੍ਰਿਤ ਲਿਆ ਦਿੱਤਾ ਹੈ। ਤੇਰਾ ਭਲਾ ਹੋਵੇ। ਸਾਡੀ ਗਈ ਹੋਈ ਤਾਕਤ ਮੁੜ ਆਈ ਹੈ।" ਸੁਜਾਤਾ ਬੋਲੀ, "ਮਹਾਰਾਜ, ਮੈਂ ਇਕ ਸੁਖਨਾ ਸੁਖੀ ਸੀ। ਉਸੇ ਸੁਖਨਾ ਮੁਤਾਬਕ ਇਹ ਖੀਰ ਲਿਆਈ ਸਾਂ।" ਬੋਧੀ ਸਤਵ ਨੇ ਕਿਹਾ, "ਦੇਵੀ ਤੇਰਾ ਵੀ ਭਲਾ ਹੋਵੇ ਤੇ ਤੇਰੇ ਪੁੱਤਰ ਦਾ ਵੀ। ਮੈਂ ਕੋਈ ਦੇਵਤਾ ਨਹੀਂ, ਤੇਰੇ ਜਿਹਾ ਹੀ ਇਕ ਮਨੁਖ ਹਾਂ। ਛੇ ਵਰ੍ਹੇ ਇਥੇ ਘੋਰ ਤਪੱਸਿਆ ਕੀਤੀ, ਜਿਸ ਨਾਲ ਸ਼ਰੀਰ ਵਿਚ ਇਕ ਦਮ ਸ਼ਿਥਲਤਾ ਆ ਗਈ, ਪਰ ਹੁਣ ਉਹ ਨਹੀਂ ਰਹੀ। ਤੇਰੀ ਖੀਰ ਨਾਲ ਚਲੀ ਗਈ ਹੈ। ਹੁਣ ਮੈਂ ਯਕੀਨ ਕਰਦਾ ਹਾਂ, ਆਪਣੇ ਮਨੋਰਥ ਵਿਚ ਕਾਮਯਾਬ ਹੋਵਾਂਗਾ। "ਸੁਜਾਤਾ ਨੇ ਕਿਹਾ, "ਮਹਾਰਾਜ, ਜਿਸ ਤਰ੍ਹਾਂ ਮੇਰੀ ਕਾਮਨਾ ਪੂਰੀ ਹੋਈ ਹੈ, ਤੁਹਾਡੀ ਵੀ ਹੋਵੇ।"

ਸੁਜਾਤਾ ਪ੍ਰਣਾਮ ਕਰ ਕੇ ਚਲੀ ਗਈ। ਜਿਸ ਥਾਲ ਵਿਚ ਉਹ ਖੀਰ ਲਿਆਈ ਸੀ, ਉਹ ਸੋਨੇ ਦਾ ਸੀ। ਉਹ ਥਾਲ ਵੀ ਉਨ੍ਹਾਂ ਹੀ ਦੇ ਗਈ। ਉਨ੍ਹਾਂ ਉਹ ਨਿਰੰਜਨਾ ਨਦੀ ਵਿਚ ਸੁੱਟ ਦਿਤਾ।

ਸੰਧਿਆ ਦਾ ਵੇਲਾ ਸੀ। ਸੁਸਤਿਕ ਨਾਮ ਦਾ ਇਕ ਘਸਿਆਰਾ ਉਧਰੋਂ ਲੰਘਿਆ। ਦ੍ਰਖ਼ਤ ਹੇਠਾਂ ਇਕ ਦਿੱਵ ਮੂਰਤੀ ਬੈਠੀ ਦੇਖ ਕੇ ਖਲੋ ਗਿਆ ਤੇ ਘਾਹ ਦੀ ਪੰਡ ਸਿਰੋਂ ਲਾਹ ਕੇ ਬੈਠ ਗਿਆ। ਮਥਾ ਟੇਕਿਆ ਤੇ ਘਾਹ ਦੇ ਪੰਜ ਪੂਲੇ ਪੰਡ ਚੋਂ ਕਢ ਕੇ ਬੁਧ ਦੇ ਹੇਠਾਂ ਵਿਛਾ ਦਿਤੇ। ਬੁਧ "ਤੇਰਾ ਭਲਾ ਹੋਵੇ" ਕਹਿ ਕੇ



Digitized by Panjab Digital Library | www.panjabdigilib.org

ਫਿਰ ਚੌਂਕੜੀ ਮਾਰ ਕੇ ਉਸੇ ਦ੍ਰਖ਼ਤ ਹੇਠਾਂ ਬੈਠ ਗਏ।

## ਬੋਧੀ ਗਿਆਨ ਦੀ ਪ੍ਰਾਪਤੀ –

ਅਸ਼ਵਥ ਬ੍ਰਿਛ (ਪਿੱਪਲ) ਦੇ ਹੇਠਾਂ, ਉਸ ਅਸ਼ਵ ਬ੍ਰਿਛ ਦੇ ਹੇਠਾਂ, ਜਿਹੜਾ ਅਗੇ ਚਲ ਕੇ ਬੋਧੀ ਬ੍ਰਿਛ "ਦੇ ਨਾਮ ਤੋਂ ਮਸ਼ਹੂਰ ਹੋਇਆ ਤੇ ਇਕ ਵਕਤ ਆਇਆ ਜਦੋਂ ਬੌਧਾਂ ਦੇ ਦੁਸ਼ਮਣਾਂ ਨੇ ਉਸ ਨੂੰ ਪੁੱਟ ਕੇ ਪਰ੍ਹਾਂ ਸੁਟਿਆ–ਭਗਵਾਨ ਬੁਧ ਨੇ ਸਮਾਧੀ ਲਾਉਂਦਿਆਂ ਕਿਹਾ–"ਚਾਹੇ ਸ਼ਰੀਰ ਸੁੱਕ ਕੇ ਹਡੀਆਂ ਦਾ ਢਾਂਚਾ ਹੀ ਰਹਿ ਜਾਏ ਜਾਂ ਹੋਰ ਹੀ ਕਿਸੇ ਹਾਲਤ ਨੂੰ ਅਪੜ ਜਾਏ ਪਰ ਮੈਂ ਬਿਨਾਂ "ਸਮਯਕ-ਸੰਬੋਧੀ" ਪ੍ਰਾਪਤ ਕੀਤੇ ਨਹੀਂ ਉਠਾਂਗਾ।"

ਉਹ ਸਮਾਧੀ ਲਾ ਕੇ ਬੈਠ ਗਏ। ਯੋਗ ਸ਼ਾਸਤਰ ਵਿਚ ਲਿਖਿਆ ਹੈ, ਜਦੋਂ ਜੋਗੀ ਸਮਾਧੀ ਵਿਚ ਲੀਨ ਹੋ ਜਾਂਦਾ ਹੈ ਤਾਂ ਉਸ ਦੇ ਚਿੱਤ ਵਿਚ ਤਰ੍ਹਾਂ ਤਰ੍ਹਾਂ ਦੇ ਖ਼ਿਆਲ ਉਠਦੇ ਹਨ। ਉਸ ਦੇ ਰਾਹ ਵਿਚ ਅਨੇਕ ਰੁਕਾਵਟਾਂ ਆਉਂਦੀਆਂ ਹਨ। ਉਨ੍ਹਾਂ ਰੁਕਾਵਟਾਂ ਤੇ ਮੁਸੀਬਤਾਂ ਨੂੰ ਉਥੇ "ਅੱਤਰਾ" ਕਿਹਾ ਹੈ। ਜਿਹੜਾ ਉਨ੍ਹਾਂ ਮਾਨਸਕ ਮੁਸੀਬਤਾਂ ਨੂੰ ਸਹਿ ਲੈਂਦਾ ਹੈ, ਘਬਰਾ ਨਹੀਂ ਉਠਦਾ, ਉਹ ਨਿਸ਼ਾਨੇ ਤੇ ਜ਼ਰੂਰ ਪਹੁੰਚ ਜਾਂਦਾ ਹੈ।

ਬੁਧ ਨਾਲ ਵੀ ਏਦਾਂ ਹੀ ਹੋਇਆ ਤੇ ਉਹ ਪਹਾੜ ਦੀ ਤਰ੍ਹਾਂ ਅਟੱਲ ਰਹੇ। ਉਨ੍ਹਾਂ ਦੇ ਮਨ ਵਿਚ ਵੀ ਕਈ ਡਰ ਖ਼ੌਫ਼ ਤੇ ਲਾਲਚ ਉਠੇ ਤੇ ਉਨ੍ਹਾਂ ਨੂੰ ਹਿਲਾਓਣ ਦੀ ਕੋਸ਼ਸ਼ ਕਰਦੇ ਰਹੇ ਪਰ ਉਹ ਨਾ ਹਿਲੇ ਤੇ ਜ਼ਰਾ ਨਾ ਹਿਲੇ। ਬੋਧ ਗ੍ਰੰਥਾਂ ਵਿਚ ਇਨ੍ਹਾਂ ਚੰਗੇ



Digitized by Panjab Digital Library | www.panjabdigilib.org

ਮੰਦੇ, ਹਸੌਣੇ, ਰੁਆਉਣੇ ਤੇ ਡਰਾਉਣੇ ਵਿਚਾਰਾਂ ਨੂੰ ਮਾਰ (ਕਾਮਦੇਵ) ਦੀਆਂ ਫ਼ੌਜਾਂ ਦੇ ਹਮਲੇ ਦੱਸ ਕੇ ਡਾਢਾ ਸੋਹਣਾ ਕਾਵ-ਮਈ ਤਰੀਕੇ ਨਾਲ ਵਰਣਨ ਕੀਤਾ ਹੋਇਆ ਹੈ।

ਆਖ਼ਰ ਉਹ ਉਠੇ ਵਿਚਾਰ ਆਪਣੇ ਆਪ ਸ਼ਾਂਤ ਹੋ ਗਏ ਤੇ ਬੁਧ ਦਾ ਚਿੱਤ ਵਿਕਾਰ-ਰਹਿਤ, ਸੁਧ, ਨਿਰਮਲ ਅਚੰਚਲ ਤੇ ਸ਼ਾਂਤ ਹੋ ਗਿਆ। ਉਹ ਆਪਣੇ ਅੰਦਰ ਇਕ ਅਲੌਕਿਕ ਆਨੰਦ ਅਨੁਭਵ ਕਰਨ ਲੱਗੇ। ਹੁਣ ਉਨ੍ਹਾਂ ਲਈ ਸਮਾਧੀ ਦਾ ਰਸਤਾ ਸਾਫ਼ ਹੋ ਗਿਆ ਤੇ ਉਹ ਠੀਕ ਸਮਾਧੀ ਦੀ ਹਾਲਤ ਵਿਚ ਹੋ ਗਏ।

ਹਾੜ ਦੀ ਪੂਰਣਮਾਸ਼ੀ ਸੀ। ਗਰਮ ਮੌਸਮ ਹੋਣ ਤੇ ਵੀ ਠੰਢੀ ਠੰਢੀ ਹਵਾ ਚਲ ਰਹੀ ਸੀ। ਚੰਦ੍ਰਮਾਂ ਆਪਣੀ ਨਿਰਮਲ ਚਾਂਦਨੀ ਨਾਲ ਸਾਰੇ ਸੰਸਾਰ ਨੂੰ ਰੋਸ਼ਨ ਕਰ ਰਿਹਾ ਸੀ, ਜਾਣੋ ਅਮ੍ਰਿਤ ਵਰਸਾ ਰਿਹਾ ਸੀ। ਇਸੇ ਵੇਲੇ ਬੋਧੀ ਸਤਵ ਦੇ ਦਿਲ ਵਿਚ ਇਕ ਆਲੌਕਿਕ ਆਨੰਦ ਦੀ ਲਹਿਰ ਉਠੀ ਤੇ ਗਿਆਨ ਦਾ ਪ੍ਰਕਾਸ਼ ਹੋ ਗਿਆ। ਜਿਸ ਚੀਜ਼ ਨੂੰ ਉਹ ਲਭਦੇ ਸਨ, ਲਭ ਪਈ। ਉਹ ਬੁਧ ਹੋ ਗਏ, ਮਹਾਂ ਗਿਆਨੀ ਹੋ ਗਏ।

ਗਿਆਨ ਦਵਾਰਾ ਉਨ੍ਹਾਂ ਨੇ ਵੇਖਿਆ,ਜੀਵ ਹਜ਼ਾਰਾਂ ਤਰ੍ਹਾਂ ਦੇ ਦੁਖ ਭੋਗ ਰਿਹਾ ਹੈ। ਤਰ੍ਹਾਂ ਤਰ੍ਹਾਂ ਦੇ ਰੋਗ, ਸ਼ੋਕ ਤੇ ਬੁਢਾਪਾ, ਫਿਰ ਸਭ ਦੇ ਉੱਤੇ ਮੌਤ।

ਇਨ੍ਹਾਂ ਸਾਰੇ ਦੁਖਾਂ ਦਾ ਕਾਰਨ ਕੀ ਹੈ? ਜਨਮ ਜਨਮ ਹੋਣ ਤੇ ਇਹ ਸਭ ਦੁਖ ਭੋਗਣੇ ਹੀ ਪੈਂਦੇ ਹਨ। ਜਨਮ ਦਾ ਕਾਰਨ ਹੈ, ਆਸ਼ਾ ਤ੍ਰਿਸ਼ਨਾ। ਨਵੇਂ ਨਵੇਂ ਸੁਖਾਂ ਦਾ ਖ਼ਿਆਲ ਕਰ ਕੇ



Digitized by Panjab Digital Library | www.panjabdigilib.org

ਮਨੁਖ ਆਸ਼ਾ ਦੀ ਰਾਹ ਚਲਦਾ ਹੈ। ਆਸ਼ਾ ਦਾ ਕਾਰਨ ਹੈ, ਭਰਮ, ਭੁੱਲ। ਧੰਨ ਦੌਲਤ ਇਸਤ੍ਰੀ ਪੁਤ੍ਰ—ਇਨ੍ਹਾਂ ਸਾਰਿਆਂ ਵਿਚ ਮਨੁਖ ਸੁਖ ਮਹਿਸੂਸ ਕਰਦਾ ਹੈ ਪਰ ਇਹ ਸਭ ਚੀਜ਼ਾਂ ਤਾਂ ਦੋਂਹ ਦਿਨਾਂ ਦੀਆਂ ਹਨ, ਦੋ ਦਿਨ ਬਾਅਦ ਇਹ ਸਭ ਨਾਸ਼ ਹੋ ਜਾਣ ਵਾਲੀਆਂ ਹਨ, ਇਸ ਲਈ ਸੱਚਾ ਸੁਖ ਇਨ੍ਹਾਂ ਵਿਚ ਕੋਈ ਨਹੀਂ। ਸਚਾ ਸੁਖ ਇਨ੍ਹਾਂ ਵਿਚ ਵੇਖਣਾ ਭੁਲ ਹੈ, ਗ਼ਲਤੀ ਹੈ ਤੇ ਇਹ ਗ਼ਲਤੀ ਹੀ ਅਸਲ ਵਿਚ ਸਾਰੇ ਦੁਖਾਂ ਦੀ ਜੜ੍ਹ ਹੈ।

ਇਸ ਜੜ੍ਹ ਨੂੰ ਕੱਟਣ ਲਈ ਜ਼ਰੂਰੀ ਹੈ, ਆਸ਼ਾ ਦਾ ਨਾਸ਼। ਮਨੁਖ ਜੇ ਆਸ਼ਾ ਛੱਡ ਸਕੇ, ਲੋਭ, ਮੋਹ ਤੇ ਹਿੰਸਾ ਤਿਆਗ ਸਕੇ, ਨੇਕ ਰਸਤੇ ਚਲੇ, ਪਵਿਤ੍ਰ ਜੀਵਨ ਬਿਤਾਏ ਤਾਂ ਨਿਸ਼ਚੇ ਹੀ ਉਹ ਜਨਮ ਜਨਮਾਂਤਰ ਤੋਂ ਛੁਟਕਾਰਾ ਪਾ ਸਕਦਾ ਹੈ।

ਛੁਟਕਾਰਾ ਪਾਉਣ ਲਈ, ਆਸ਼ਾ ਤ੍ਰਿਸ਼ਨਾ ਦੂਰ ਕਰਨ ਲਈ ਕਰਮਕਾਂਡ, ਪੂਜਾ ਪਾਠ ਜਾਂ ਇਸੇ ਕਿਸਮ ਦਾ ਕੋਈ ਹੋਰ ਕਰਮ ਬਿਲਕੁਲ ਕਾਰ-ਆਮਦ ਨਹੀਂ ਹੈ, ਕੋਈ ਲਾਭ ਨਹੀਂ ਪਹੁੰਚਾ ਸਕਦਾ।

ਲਾਭ ਪਹੁੰਚਾ ਸਕਦਾ ਹੈ, ਅੱਠ ਮੱਗ, ਅਰਥਾਤ ਦ੍ਰਿਸ਼ਟੀ, ਸੰਕਲਪ, ਯਾਦਦਾਸ਼ਤ, ਬਾਣੀ, ਕਰਮ, ਪੇਸ਼ਾ, ਅਭਿਆਸ ਧਿਆਨ। ਇਨ੍ਹਾਂ ਨੂੰ ਸਚਾਈ ਦੇ ਰਾਹ ਪਾਉਣਾ ਤੇ ਸਚੇ ਬਣਾਉਣਾ।

ਇਸੇ ਤਰ੍ਹਾਂ ਚਾਰ ਆਰਯ-ਸਚਾਈਆਂ ਨੂੰ ਜਾਣਨਾ। ਚਾਰ ਆਰਯ ਸਚਾਈਆਂ ਇਹ ਹਨ—(੧) ਦੁੱਖ ਹੈ। (੨) ਦੁਖ ਦਾ ਕਾਰਨ ਹੈ। (੩) ਦੁਖ ਰੁਕੂ ਹੈ। (੪) ਦੁਖ ਰੁਕਣ ਦਾ ਉਪਾ ਹੈ।



Digitized by Panjab Digital Library | www.panjabdigilib.org

ਇਸੇ ਤਰ੍ਹਾਂ ਬੁੱਧ ਨੇ ਹੋਰ ਵੀ ਬਹੁਤ ਕੁਝ ਮਹਿਸੂਸ ਕੀਤਾ ਤੇ ਅਮਰ ਸ਼ਾਂਤੀ ਲਭ ਲਈ, ਜੀਵਨ ਮੁਕਤ ਹੋਏ।

## ਸੱਤ ਸਾਤੇ —

ਬੋਧੀ ਗਿਆਨ ਹਾਸਲ ਕਰ ਕੇ ਬੁਧ ਦੇਵ ਸੱਤ ਸਾਤੇ ਤਕ ਬੋਧੀ ਬ੍ਰਿਛ ਤੇ ਉਸ ਦੇ ਕੋਲ ਕੋਲ ਦੀਆਂ ਜਗ੍ਹਾਂ ਤੇ ਹੀ ਰਹੇ। ਹਰ ਜਗ੍ਹਾ ਉਹ ਇਕ ਇਕ ਸਾਤਾ ਰਹੇ। ਇਕ ਸਾਤਾ ਉਹ ਉਸ ਪਿਪਲ ਦੇ ਹੇਠਾਂ ਵੀ ਰਹੇ, ਜਿਥੇ ਉਨ੍ਹਾਂ ਵੈਸਾਖ ਦੀ ਪੁੰਨਿਆਂ ਨੂੰ ਸੁਜਾਤਾ ਕੋਲੋਂ ਖੀਰ ਖਾਧੀ ਸੀ। ਇਥੇ ਫਿਰ ਬੁੱਧ ਦੇਵ ਨੂੰ ਗਿਰਾਉਣ ਦੀ, ਪਤਤ ਕਰਨ ਦੀ ਕੋਸ਼ਸ਼ ਹੋਈ ਪਰ ਕਾਮਯਾਬੀ ਨਾ ਮਿਲੀ। ਇਥੇ ਹੀ ਇਕ ਅਭਿਮਾਨੀ ਬ੍ਰਾਹਮਣ ਨਾਲ ਵੀ ਟੱਕਰ ਹੋਈ ਤੇ ਬੁਧ ਨੇ ਉਸ ਨੂੰ ਉਪਦੇਸ਼ ਦਿੱਤਾ।

ਅਖ਼ੀਰਲੇ ਹਫ਼ਤੇ ਬੁਧ "ਰਾਜਾ ਯਤਨ" ਨਾਮ ਦੀ ਜਗ੍ਹਾ ਗਏ ਇਥੇ ਉਨ੍ਹਾਂ ਪਾਸ ਉੜੀਸਾ ਤੋਂ ਪੰਜ ਗੱਡੇ ਝੋਨੇ ਦੇ ਲੈ ਕੇ ਕਿਤੇ ਜਾ ਰਹੇ ਦੋ ਬਾਣੀਏਂ ਆਏ। ਉਨ੍ਹਾਂ ਸੱਤੂ ਤੇ ਸ਼ਹਿਦ ਦੇ ਬਣੇ ਕੁਝ ਲਡੂ ਭਗਵਾਨ ਦੀ ਭੇਟ ਕੀਤੇ ਤੇ ਭਗਵਾਨ ਨੇ ਉਨ੍ਹਾਂ ਨੂੰ ਉਪਦੇਸ਼ ਦਿਤਾ। ਉਪਦੇਸ਼ ਦਾ ਅਸਰ ਇਹ ਹੋਇਆ ਕਿ ਉਹ ਭਗਵਾਨ ਦੇ ਸ਼ਿਸ਼ ਹੋ ਗਏ।

ਹੁਣ ਬੁਧ ਦੇਵ ਸੋਚਣ ਲਗੇ ਇਹ ਜਿਹੜਾ ਜਨਮ ਜਨਮਾਂਤਰਾਂ ਦੀ ਮਿਹਨਤ ਦੇ ਫਲ ਸਰੂਪ ਬੋਧੀ ਗਿਆਨ ਹਾਸਲ ਕੀਤਾ ਹੈ, ਇਹ ਕਿਸੇ ਅਧਿਕਾਰੀ ਨੂੰ ਸੁਣਾਉਣਾ ਚਾਹੀਦਾ ਹੈ ਤੇ ਉਸ ਦੇ ਜ਼ਰੀਏ ਹੋਰ ਲੋਕਾਂ ਨੂੰ ਵੀ। ਖ਼ਿਆਲ ਆਇਆ



Digitized by Panjab Digital Library | www.panjabdigilib.org

ਰਾਮ ਪੁਤ ਉਦ੍ਰਕ ਦਾ। ਚੱਲਣ ਲਗੇ ਤਾਂ ਪਤਾ ਲਗਾ, ਉਹ ਮਰ ਚੁਕਾ ਹੈ। ਆਰਾੜ ਕਾਲਾਮ ? ਉਹ ਵੀ ਨਹੀਂ ਰਿਹਾ।

ਬੜੀ ਨਿਰਾਸ਼ਾ ਹੋਈ। ਆਖ਼ਰ ਖ਼ਿਆਲ ਆਇਆ ਉਨ੍ਹਾਂ ਪੰਜਾਂ ਸਾਥੀਆਂ ਦਾ ਜਿਨ੍ਹਾਂ ਨੂੰ "ਪੰਚ ਭਦ੍ਰ ਵਰਗੀਯ" ਕਿਹਾ ਗਿਆ ਹੈ ਤੇ ਜਿਹੜੇ ਆਰਾੜ ਕਾਲਾਮ ਦੇ ਗੁਰੂਕੁਲ ਤੋਂ ਇਨ੍ਹਾਂ ਦੇ ਨਾਲ ਤੁਰ ਪਏ ਸਨ ਤੇ ਗਯਾ ਵਿਚ ਜਦ ਇਨ੍ਹਾਂ ਨੇ ਤਪ ਕਰਨਾ ਛੱਡ ਦਿਤਾ ਸੀ ਤਾਂ ਉਹ ਇਨ੍ਹਾਂ ਨੂੰ ਛੱਡ ਕੇ ਕਾਸ਼ੀ ਦੇ ਕੋਲ ਰਿਖੀ ਪਤਨ ਨਾਮ ਦੇ ਜੰਗਲ ਵਿਚ ਤਪ ਕਰ ਰਹੇ ਸਨ। ਬੁਧ ਕਾਂਸ਼ੀ ਨੂੰ ਤੁਰ ਪਏ।

ਰਸਤੇ ਵਿਚ ਵੈਸ਼ਨਵ ਸੰਪ੍ਰਦਾਇ ਦੇ ਪਹਿਲੇ ਰੂਪ ਦਾ ਇਕ ਵੈਸ਼ਨਵ "ਆਜੀਵਕ" ਮਿਲਿਆ। ਉਸ ਦੇ ਪੁਛਣ ਤੇ ਬੁਧ ਨੇ ਆਪਣਾ ਪਰਿਚਾ ਦਿੰਦਿਆਂ ਹੋਇਆਂ ਕਿਹਾ, "ਮੈਂ ਕਾਂਸ਼ੀ ਜਾ ਰਿਹਾ ਹਾਂ,ਧਰਮ ਦਾ ਚੱਕਾ ਘੁਮਾਉਣ ਲਈ। ਉਥੇ ਅੰਨ੍ਹੇ ਹੋਏ ਲੋਕਾਂ ਵਿਚ ਅਮਰ ਤੂਤੀ ਵਜਾਵਾਂਗਾ, ਜਨਤਾ ਨੂੰ ਜਗਾਵਾਂਗਾ। ਗਿਆਨ ਦਾ ਪ੍ਰਕਾਸ਼ ਦੇ ਕੇ ਕਲਿਆਣ ਦਾ ਰਸਤਾ ਦਸਾਂਗਾ।"

ਆਜੀਵਕ ਬਹੁਤ ਹਛਾ ਕਹਿ ਕੇ ਆਪਣੇ ਪਾਸੇ ਚਲਾ ਗਿਆ, ਤੇ ਬੁਧ ਦੇਵ ਆਪਣੇ ਪਾਸੇ।

## ਕਾਸ਼ੀ ਵਿਚ ਧਰਮ ਚਕ੍ਰ ਪ੍ਰਵਰਤਨ –

ਬੁਧ ਭਗਵਾਨ ਅਨੇਕ ਨਦੀਆਂ-ਨਾਲੇ, ਜੰਗਲ ਪਹਾੜ ਤੇ ਸ਼ਹਿਰ ਗਰਾਂ ਪਾਰ ਕਰ ਕੇ ਕਾਸ਼ੀ ਪੁਰੀ ਪਹੁੰਚੇ ਤੇ ਉਥੋਂ ਰਿਖੀ ਪਤਨ ਨਾਮ ਦੇ ਜੰਗਲ ਵਿਚ ਮ੍ਰਿਗਦਾਵ ਨਾਮ ਦੀ ਜਗ੍ਹਾ ਗਏ, ਜਿਥੇ



Digitized by Panjab Digital Library | www.panjabdigilib.org

ਅਜ ਕਲ "ਸਾਰ ਨਾਥ" ਹੈ। ਇਥੇ ਹੀ ਉਹ ਪੰਚ ਭਦ੍ਰ ਵਰਗੀਯ ਤਪ ਕਰ ਰਹੇ ਸਨ ਜਿਨ੍ਹਾਂ ਦਾ ਪਿਛੇ ਜ਼ਿਕਰ ਆ ਚੁਕਾ ਹੈ। ਨਾਮ ਸੀ ਇਨ੍ਹਾਂ ਦਾ—ਕੌਂਡਿੱਨ, ਬਪ, ਭਦ੍ਰੀ, ਮਹਾਂ ਨਾਮ ਤੇ ਅਸ਼ਵਜਿਤ। ਜਿਉਂ ਹੀ ਉਨ੍ਹਾਂ ਦੂਰੋਂ ਵੇਖਿਆ ਬੁਧ ਦੇਵ ਆ ਰਹੇ ਹਨ, ਉਨ੍ਹਾਂ ਫ਼ੈਸਲਾ ਕੀਤਾ, ਇਨ੍ਹਾਂ ਦਾ ਸਤਕਾਰ ਨਾ ਕੀਤਾ ਜਾਵੇ ਕਿਉਂਕਿ ਉਨ੍ਹਾਂ ਦੇ ਦਿਲ ਵਿਚ ਇਨ੍ਹਾਂ ਲਈ ਨਫ਼ਰਤ ਸੀ। ਪਰ ਜਿਉਂ ਹੀ ਬੁਧ ਨੇੜੇ ਆਏ ਉਨ੍ਹਾਂ ਦਾ ਫ਼ੈਸਲਾ ਇਕ ਦਮ ਬਦਲ ਗਿਆ ਤੇ ਉਨ੍ਹਾਂ ਬੜੀ ਨਿਮ੍ਰਤਾ ਨਾਲ ਬੁਧ ਦਾ ਸਵਾਗਤ ਸਤਕਾਰ ਕੀਤਾ।

ਬਾਅਦ ਵਿਚ ਉਨ੍ਹਾਂ ਆਉਣ ਦਾ ਕਾਰਨ ਪੁਛਿਆ ਤਾਂ ਬੁੱਧ ਨੇ ਕਿਹਾ, "ਭਿਖੁਓ ! ਮੈਂ ਬੋਧੀ ਗਿਆਨ ਹਾਸਲ ਕਰ ਲਿਆ ਹੈ ਤੇ ਉਹ ਤੁਹਾਨੂੰ ਸੁਣਾਉਣ ਆਇਆ ਹਾਂ।" ਪਹਿਲੋਂ ਤਾਂ ਉਨ੍ਹਾਂ ਬੁਧ ਦਾ ਮਖ਼ੌਲ ਜਿਹਾ ਹੀ ਉਡਾਇਆ, ਪਰ ਆਖ਼ਰ ਉਹ ਯਕੀਨ ਕਰ ਗਏ ਕਿ ਉਹ ਠੀਕ ਹੈ।

ਮਹੀਨਾ ਹਾੜ੍ਹ ਦਾ ਸੀ। ਥਿੱਤ ਪੂਰਬਣਾ ਸੀ। ਸੰਵਤ ਵਿਕ੍ਰਮੀ ਤੋਂ ੪੭੧ ਸਾਲ ਪਹਿਲੇ ਸੀ। ਭਗਵਾਨ ਬੁਧ ਨੇ ਉਨ੍ਹਾਂ ਨੂੰ ਚਾਰ ਆਰਯ ਸਚਾਈਆਂ ਦਾ ਤੇ ਅੱਠ ਮਗ ਦਾ ਉਪਦੇਸ਼ ਦਿਤਾ। ਉਨ੍ਹਾਂ ਨੇ ਸੰਸਾਰ ਦੇ ਦੁਖ ਤੇ ਉਨ੍ਹਾਂ ਦੁਖਾਂ ਦਾ ਕਾਰਨ ਦਸਿਆ ਤੇ ਦਸਿਆ ਕਿਸ ਤਰ੍ਹਾਂ ਉਨ੍ਹਾਂ ਦੁਖਾਂ ਤੋਂ ਛੁਟਕਾਰਾ ਹੋ ਸਕਦਾ ਹੈ।

ਕਹਿਣ ਲੱਗੇ, "ਬਹੁਤੇ ਭੋਗ ਵਿਲਾਸ ਤੇ ਬਹੁਤੀ ਕਠੋਰਤਾ ਦੇ ਵਿਚ ਦਾਜਿਹੜਾ ਰਸਤਾ ਹੈ, ਉਹੀ ਠੀਕ ਰਸਤਾ ਹੈ ਤੇ ਉਸੇ ਨੂੰ ਅਸੀਂ "ਮੱਧਮਾ ਪ੍ਰਤਿਪਦਾ" ਕਹਿੰਦੇ ਹਾਂ। ਉਸ ਉਤੇ ਚੱਲਣ ਨਾਲ ਸ਼ਰੀਰ ਤੇ ਮਨ ਦੋਹਾਂ ਨੂੰ ਧਰਮ ਤੇ ਗਿਆਨ ਦੀ



Digitized by Panjab Digital Library | www.panjabdigilib.org

ਮਦਦ ਮਿਲਦੀ ਹੈ। ਮਨੁਖ ਜਨਮ ਕਰਕੇ ਹੀ ਦੁਖ ਭੋਗਦਾ ਹੈ ਤੇ ਆਸ਼ਾ ਤ੍ਰਿਸ਼ਨਾ ਦੇ ਵੱਸ ਪੈ ਕੇ ਹੀ ਬਾਰ ਬਾਰ ਜਨਮ ਲੈਂਦਾ ਹੈ, ਇਸ ਲਈ, ਆਸ਼ਾ ਤੇ ਤ੍ਰਿਸ਼ਨਾ ਦੇ ਨਾਸ ਨਾਲ ਹੀ ਸਾਰੇ ਦੁਖਾਂ ਦਾ ਨਾਸ਼ ਹੋ ਸਕਦਾ ਹੈ। ਇਸ ਦੇ ਵਾਸਤੇ ਅੱਠ ਭੱਗ ਤੋਂ ਛੁਟ ਹੋਰ ਕੋਈ ਰਸਤਾ ਨਹੀਂ ਹੈ।

ਭਗਵਾਨ ਬੁੱਧ ਦੇ ਇਸ ਨਵੇਂ ਧਰਮ-ਤੱਤ ਨੂੰ ਸੁਣ ਕੇ ਪੰਚ ਭਦ੍ਰ ਵਰਗੀਯ ਭਿਖੂਆਂ ਦਾ ਦਿਲ ਕੌਲ ਫੁਲ ਦੀ ਤਰ੍ਹਾਂ ਖਿੜ ਉਠਿਆ ਤੇ ਉਹ ਭਗਵਾਨ ਦੇ ਸ਼ਿਸ਼ ਹੋ ਗਏ।

ਭਗਵਾਨ ਬੁੱਧ ਨੇ ਉਨ੍ਹਾਂ ਨੂੰ ਕਿਹਾ—ਧਰਮ ਦੇ ਮਾਮਲੇ ਵਿਚ ਤੇ ਸਚ ਦੇ ਮਾਮਲੇ ਵਿਚ ਜੋ ਤੁਹਾਡੀ ਮਿਲਣੀ ਹੋਈ ਹੈ, ਉਹ ਅਜ ਤੋਂ "ਸੰਘ" ਦੇ ਨਾਉ ਤੋਂ ਪ੍ਰਸਿੱਧ ਹੋਵੇਗੀ।

ਇਸ ਤਰ੍ਹਾਂ ਬੁਧ ਨੇ ਪਹਿਲੇ ਪਹਿਲ ਪੰਜ ਪਿਆਰੇ ਸਜਾਏ ਤੇ "ਸੰਘ" ਦੀ ਸਥਾਪਨਾ ਕੀਤੀ ਜੋ ਜਲਦੀ ਹੀ ਫਲ ਫੁਲ ਪਈ।

ਬੁਧ ਦੇ ਇਸੇ ਪਹਿਲੇ ਉਪਦੇਸ਼ ਨੂੰ "ਧਰਮ ਚਕਰ ਪ੍ਰਵਰਤਨ" ਕਹਿੰਦੇ ਹਨ। ਜਿਥੇ ਭਗਵਾਨ ਨੇ "ਧਰਮ ਚਕਰ ਪ੍ਰਵਰਤਨ" ਕੀਤਾ ਉਥੇ ਸਮਾਂ ਪਾ ਕੇ ਮਹਾਰਾਜਾ ਅਸ਼ੋਕ ਨੇ ਇਕ ਮੁਨਾਰਾ ਬਨਵਾ ਦਿਤਾ ਜੋ ਹੁਣ "ਸਾਰ ਨਾਥ ਸਤੂਪ" ਦੇ ਨਾਉਂ ਤੋਂ ਪ੍ਰਸਿੱਧ ਹੈ।

ਇਸੇ ਮੁਨਾਰੇ ਦੀ ਨਕਲ ਸਾਡੀ ਸਰਕਾਰ ਦੀ ਸਰਕਾਰੀ ਮੁਹਰ ਹੈ ਤੇ ਧਰਮ ਚਕੇ ਦਾ ਚੱਕਾ ਸਾਡੇ ਕੌਮੀ ਝੰਡੇ ਉਤੇ ਚਰਖੇ ਦੀ ਜਗ੍ਹਾ ਕਾਇਮ ਹੈ। ਹੋਰ ਵੀ ਬਹੁਤ ਕੁਝ ਹੈ।



Digitized by Panjab Digital Library / www.panjabdigilib.org

# ਪਹਿਲਾ ਚੌਮਾਸਾ

ਭਗਵਾਨ ਬੁੱਧ ਨੇ ਆਪਣੇ ਜੀਵਨ ਵਿਚ ਕਈ ਚੌਮਾਸੇ ਕੱਟੇ । ਪਹਿਲਾ ਕਾਸ਼ੀ ਵਿਚ ਤੇ ਅਖ਼ੀਰਲਾ ਵਿਲਵ ਗ੍ਰਾਮ ਵਿਚ । ਕਾਸ਼ੀ ਵਿਚ ਪੰਚ ਵਰਗੀਯ ਭਿਖੂਆਂ ਪਾਸ ।

ਇਥੇ ਇਕ ਧਨੀ ਬੁਪਾਰੀ ਦਾ ਪੁਤਰ ਸੀ– ਜਿਸ । ਉਹ ਭਗਵਾਨ ਬੁਧ ਦੇ ਇਕੋ ਸਵਾਲ ਜਬਾਬ ਵਿਚ ਉਨ੍ਹਾਂ ਦਾ ਸ਼ਿਸ਼ ਹੋ ਗਿਆ । ਫਿਰ ਉਸ ਦੇ ਚਾਰੇ ਦੋਸਤ ਵਿਮਲ, ਸੁਬਾਹੂ, ਪੂਰਣਜਿਤ ਤੇ ਗਰਵਪਤੀ ਵੀ ਭਗਵਾਨ ਦੇ ਸ਼ਿਸ਼ ਹੋ ਗਏ । ਭਗਵਾਨ ਨੇ ਇਨ੍ਹਾਂ ਨੂੰ ਬ੍ਰਹਮਚਰਜ ਦਾ ਉਪਦੇਸ਼ ਦਿੱਤਾ । ਫਿਰ ਉਸ ਕਸਬੇ ਦੇ ੫੦ ਹੋਰ ਮੁੰਡੇ ਬੁਧ ਦੇ ਚਰਨੀਂ ਆ ਪਏ ਤੇ ਬੁਧ ਨੇ ਉਨ੍ਹਾਂ ਨੂੰ ਵੀ ਉਪਦੇਸ਼ ਦੇ ਕੇ ਸ਼ਿਸ਼ ਬਣਾ ਲੀਤਾ ।

ਇਸ ਤਰ੍ਹਾਂ ਥੋੜੇ ਦਿਨਾਂ ਵਿਚ ਹੀ ਬੁਧ ਦੇ ੬੦ ਸ਼ਿਸ਼ ਹੋ ਗਏ ਤੇ ਬੁਧ ਨੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਪਕਿਆਂ ਕਰ ਦਿੱਤਾ ।

ਉਨ੍ਹਾਂ ੬੦ ਸ਼ਿਸ਼ਾਂ ਨੇ ਨ੍ਹਾਰਾ ਬੁਲੰਦ ਕੀਤਾ ।

ਬੁੱਧ ਸਰਨਮ ਗੱਛਾਮੀ
ਧੰਮੰ ਸਰਨਮ ਗੱਛਾਮੀ
ਸੰਘੰ ਸਰਨਮ ਗੱਛਾਮੀ

ਇਨੇ ਵਿਚ ਬਰਸਾਤ ਬੀਤ ਗਈ ਤੇ ਬੁਧ ਨੇ ਉਰੁ ਵੇਲਾ ਜਾਣ ਦੀ ਤਿਆਰੀ ਕੀਤੀ ! ਜਾਣ ਤੋਂ ਪਹਿਲੇ ਬੁਧ ਨੇ ਆਪਣੇ ਤਮਾਮ ਸ਼ਿਸ਼ਾਂ ਨੂੰ ਸੱਦ ਕੇ ਕਿਹਾ "ਭਿਖੂਓ ! ਤੁਸੀਂ ਚਾਰੇ ਦਿਸ਼ਾ



Digitized by Panjab Digital Library | www.panjabdigilib.org

ਵਿਚ ਚਲੇ ਜਾਓ ਤੇ ਦੁਖੀ ਦੁਨੀਆਂ ਨੂੰ ਅਮਰ-ਸ਼ਾਂਤੀ ਦਾ ਉਪਦੇਸ਼ ਦੇ ਕੇ ਸੁਖੀ ਬਨਾਉ। ਲੋਕਾਂ 'ਚੋਂ ਅਤਿਆਚਾਰ ਦੁਰਾਚਾਰ ਤੇ ਪਾਪ ਬ੍ਰਿਤੀ ਹਟਾਓ। ਕੋਈ ਕਿਸੇ ਨੂੰ ਨਾ ਸਤਾਏ ਤੇ ਕਿਸੇ ਦੀ ਮਜਬੂਰੀ ਤੋਂ ਫ਼ਾਇਦਾ ਨਾ ਉਠਾਏ।

ਭਗਵਾਨ ਦੀ ਆਗਿਆ ਪਾ ਕੇ ਸ਼ਿਸ਼ ਚਾਰੋਂ ਦਿਸ਼ਾ ਨੂੰ ਨਿਕਲ ਗਏ ਤੇ ਬੁਧ ਉਰੁ ਨੂੰ ਚਲੇ ਗਏ।

# ਉਰੁ ਵੇਲਾ ਵਿਚ

ਕਾਂਸ਼ੀਓਂ ਚਲ ਕੇ ਬੁਧ ਉਰੁ ਵੇਲਾ ਜਾ ਰਹੇ ਸਨ ਕਿ ਰਸਤੇ ਵਿਚ ਕੁਝ ਪਸਿਤੇ ਪਾਸੇ ਇਕ ਜਗ੍ਹਾ ਸੀ "ਕਪਾਸੱਯ" ਇਥੇ ਸ਼ਰੀਫ਼ ਘਰਾਨਿਆਂ ਦੇ ੩੦ ਨੌਜਵਾਨ ਐਸ਼ ਕਰ ਰਹੇ ਸਨ। ਬੁਧ ਨੇ ਉਨ੍ਹਾਂ ਨੂੰ ਉਪਦੇਸ਼ ਦੇ ਕੇ ਲੋਕ ਕਲਿਆਣ ਵਲ ਲਾ ਦਿਤਾ ਤੇ ਕੋਨੇ ਕੋਨੇ ਵਿਚ ਉਪਦੇਸ਼ ਲਈ ਭੇਜ ਦਿਤਾ।

ਉਰੁ ਵੇਲਾ ਪਹੁੰਚੇ! ਉਰੁ ਵੇਲਾ ਵਿਚ ਨਿਰੰਜਨਾ ਨਦੀ ਦੇ ਕਿਨਾਰੇ ਕਸ਼ਪ ਗੋਤ੍ਰ ਦੇ ਤਿੰਨ ਬੜੇ ਭਾਰੇ ਵਿਦਵਾਨ ਬ੍ਰਾਹਮਣ ਰਹਿੰਦੇ ਸਨ। ਇਹ ਕਰਮ-ਕਾਂਡੀ ਸਨ। ਜਗ ਹਵਨ ਕਰਨ ਵਾਲੇ ਸਨ। ਵਖੋ ਵਖਰੀਆਂ ਜਗਾਵਾਂ ਤੇ ਰਹਿੰਦੇ ਹੋਏ ਸੈਂਕੜੇ ਸ਼ਿਸ਼ਾਂ ਨੂੰ ਕਰਮ-ਕਾਂਡ ਦੀ ਸਿਖਿਆ ਦਿਆ ਕਰਦੇ ਸਨ।

ਬੁਧ ਨੇ ਇਨ੍ਹਾਂ ਨੂੰ ਉਪਦੇਸ਼ ਦੇ ਕੇ ਆਪਣਾ ਸ਼ਿਸ਼ ਬਣਾ ਲਿਆ ਤੇ ਨਾਲ ਲਗਦੇ ਇਨ੍ਹਾਂ ਦੇ ਇਕ ਹਜ਼ਾਰ ਚੇਲੇ ਬਾਲੇ ਵੀ ਬੁਧ ਦੇ ਸ਼ਿਸ਼ ਬਣ ਗਏ।



Digitized by Panjab Digital Library | www.panjabdigilib.org

ਬੁਧ ਨੇ ਇਨ੍ਹਾਂ ਨੂੰ ਵੀ ਧਰਮ-ਪ੍ਰਚਾਰ ਲਈ ਇਧਰ ਉਧਰ ਭੇਜ ਦਿੱਤਾ।

## ਰਾਜਗ੍ਰਿਹਿ ਵਿਚ

ਭਗਵਾਨ ਬੁੱਧ ਆਪਣੇ ਕੀਤੇ ਵਹਿਦੇ ਮੁਤਾਬਿਕ ਰਾਜ ਗ੍ਰਿਹਿ ਪਹੁੰਚੇ। ਲੱਠੀਬਨ ਵਿਚ ਇਕ ਜਗ੍ਹਾ ਜਾ ਠਹਿਰੇ। ਜਿਉਂ ਹੀ ਰਾਜਾ ਬਿੰਬਸਾਰ ਨੂੰ ਪਤਾ ਲਗਾ, ਉਹ ਆਪਣੇ ਅਨੇਕ ਘਰਦਿਆਂ ਬਾਹਰਦਿਆਂ ਸਮੇਤ ਭਗਵਾਨ ਦੇ ਚਰਨੀ ਜਾ ਪਹੁੰਚਾ। ਉਸ ਦੇ ਨਾਲ ਕਈ ਬੜੇ ਬੜੇ ਬ੍ਰਾਹਮਣ ਵੀ ਸਨ। ਉਨ੍ਹਾਂ ਨੇ ਭਗਵਾਨ ਦੇ ਨਾਲ ਤਿੰਨ ਕਸ਼ੱਪ ਭਰਾਵਾਂ ਨੂੰ ਵੀ ਵੇਖ ਕੇ ਬੜਾ ਅਚਰਜ ਕੀਤਾ। ਸੋਚਣ ਲਗੇ, ਐਡੇ ਐਡੇ ਵਿਦਵਾਨ ਅਗਨੀ ਪੂਜਕ ਵੀ ਬੁੱਧ ਦੇ ਸ਼ਿਸ਼ ਹੋ ਗਏ ਹਨ।

ਬੁੱਧ ਤਾੜ ਗਏ ਉਨ੍ਹਾਂ ਦੇ ਦਿਲ ਦੀ ਗੱਲ ਤੇ ਵਡੇ ਕਸ਼ੱਪ ਨੂੰ ਕਹਿਣ ਲੱਗੇ—"ਦਸੋ ਤੁਸਾਂ ਅਗਨੀ ਪੂਜਾ ਵਗੈਰਾ ਕਿਉਂ ਛੱਡੀ ? ਉਸ ਨੇ ਵਿਸਤਾਰ ਨਾਲ ਦਸਦਿਆਂ ਹੋਇਆਂ ਕਿਹਾ—"ਅਗਨੀ ਪੂਜਾ ਕਰਨ ਦਾ ਕੋਈ ਲਾਭ ਨਹੀਂ। ਪੂਜਾ, ਕਰਮ ਤੇ ਤਪ ਨਾਲ ਮੁਕਤੀ ਹਾਸਲ ਹੁੰਦੀ ਹੈ, ਇਹ ਗਲਤ ਹੈ। ਅਸਾਂ ਜੋ ਕੀਤਾ ਹੈ, ਸੋਚ ਸਮਝ ਕੇ ਹੀ ਕੀਤਾ ਹੈ।

ਕਸ਼ੱਪ ਦੀਆਂ ਗਲਾਂ ਦਾ ਬਿੰਬਸਾਰ ਤੇ ਨਾਲ ਆਏ ਸੈਂਕੜੇ ਸਾਥੀਆਂ ਤੇ ਬੜਾ ਅਸਰ ਪਿਆ ਤੇ ਉਹ ਸਾਰੇ ਸਮੇਤ ਰਾਜਾ ਦੇ ਬੁਧ ਦੇ ਸ਼ਿਸ਼ ਹੋ ਗਏ।



Digitized by Panjab Digital Library | www.panjabdigilib.org

# ਸਾਰੀ ਪੁੱਤ੍ਰ ਤੇ ਮੌਦਗਲਾਯਨ ਦਾ ਸੰਨਿਆਸ

ਭਗਵਾਨ ਬੁੱਧ ਦੇ ਸ਼ਿਸ਼ਾਂ ਵਿਚ ਸਾਰੀ ਪੁੱਤਰ ਤੇ ਮੌਦ ਗਲਾਯਨ ਦਾ ਆਸਨ ਬਹੁਤ ਉੱਚਾ ਹੈ। ਇਹ ਵੀ ਦੋਵੇਂ ਰਜ ਗ੍ਰਹਿ ਵਿਚ ਰਹਿੰਦੇ ਸਨ। ਇਨ੍ਹਾਂ ਦਾ ਅਸਲੀ ਨਾਉਂ ਉਪਤਿੱਸ਼ ਤੇ ਕਾਲਿਤ ਸੀ। ਸਾਰੀ ਪੁੱਤਰ ਤੇ ਮੌਦ ਗਲਾਯਨ ਨਾਉਂ ਤਾਂ ਇਨ੍ਹਾਂ ਦਾ ਬੋਧ ਹੋਣ ਤੇ ਪਿਆ। ਪਹਿਲਾ ਬੰਕਤ ਨਾਉਂ ਦੇ ਇਕ ਧਨੀ ਬ੍ਰਾਹਮਣ ਦਾ ਪੁਤਰ ਸੀ ਤੇ ਇਸ ਦੀ ਮਾਤਾ ਦਾ ਨਾਉਂ ਰੂਪ ਸਾਰੀ ਸੀ। ਦੂਸਰਾ ਸੁਜਾਤ ਨਾਉਂ ਦੇ ਬ੍ਰਾਹਮਣ ਦਾ ਪੁਤਰ ਸੀ। ਇਸ ਦੀ ਮਾਤਾ ਦਾ ਨਾਉਂ ਮੌਦ ਗਲੀ ਸੀ।

ਰਾਜ ਗ੍ਰਹਿ ਵਿਚ ਸੰਜਯ ਨਾਉਂ ਦਾ ਇਕ ਬੜਾ ਭਾਰਾ ਵਿਦਵਾਨ ਸੰਨਿਸਆਸੀ ਰਹਿੰਦਾ ਸੀ। ਉਸ ਦੀ ਸ਼ਾਲਾ ਵਿਚ ਢਾਈ ਸੌ ਸਾਧੂ ਰਹਿੰਦੇ ਤੇ ਪੜ੍ਹਦੇ ਸਨ। ਉਪਤਿੱਸ਼ ਵੀ ਉਨ੍ਹਾਂ ਵਿਚ ਇਕ ਸੀ। ਇਕ ਦਿਨ ਭਗਵਾਨ ਬੁੱਧ ਦਾ ਇਕ ਸ਼ਿਸ਼ ਅਸ਼੍ਵਜਿਤ ਰਾਜਗ੍ਰਹਿ ਵਿਚ ਭਿਖਿਆ ਲਈ ਆਇਆ। ਉਪ ਤਿੱਸ਼ ਦੀ ਉਸ ਨਾਲ ਮੁਲਾਕਾਤ ਹੋ ਗਈ ਤੇ ਉਸ ਦੇ ਵਿਚਾਰਾਂ ਦਾ ਇਸ ਉਤੇ ਬੜਾ ਅਸਰ ਪਿਆ। ਨਤੀਜਾ ਇਹ ਹੋਇਆ ਕਿ ਇਸ ਨੇ ਬੁੱਧ ਦੀ ਸ਼ਰਨ ਚਲੇ ਜਾਣਾ ਸਥਿਰ ਕੀਤਾ ਤੇ ਆਪਣੇ ਮਿੱਤਰ ਕਲਿਤ ਨੂੰ ਵੀ ਪ੍ਰੇਰਨਾ ਕੀਤੀ। ਬੁੱਧ ਨੇ ਵੀ ਇਨ੍ਹਾਂ ਨੂੰ ਯੋਗ ਵਿਦਵਾਨ ਦੇਖ ਕੇ ਰਖ ਲਿਆ ਤੇ ਅਮਰਤਾ ਦੇ ਰਸਤੇ ਪਾ ਕੇ ਅਮਰ ਕਰ ਦਿਤਾ।



Digitized by Panjab Digital Library | www.panjabdigilib.org

# ਕਪਲਵਸਤੂ

੮ ਵਰ੍ਹੇ ਹੋਏ ਜਦੋਂ ਬੁਧ ਮੋਹ ਮਾਇਆ ਦਾ ਜਾਲ ਤੋੜ ਕੇ ਸੱਚੇ ਗਿਆਨ ਦੀ ਤਲਾਸ਼ ਵਿਚ ਨਿਕਲੇ ਸਨ। ਤਦ ਤੋਂ ਕਪਲਵਸਤੂ ਵਿਚ ਬੜੀ ਭਾਰੀ ਉਦਾਸੀ ਫੈਲੀ ਹੋਈ ਸੀ। ਉਂਝ ਤਾਂ ਕੀ ਘਰ ਦੇ ਤੇ ਕੀ ਬਾਹਰ ਦੇ, ਸਾਰੇ ਹੀ ਬੁਧ ਦੇ ਵਿਛੋੜੇ ਵਿਚ ਤੜਫ਼ ਰਹੇ ਸਨ ਪਰ ਯਸ਼ੋਧਰਾ ਦਾ ਬਹੁਤ ਬੁਰਾ ਹਾਲ ਸੀ। ਉਹ ਨਾ ਰੋ ਨਾਲ ਖਾਂਦੀ ਸੀ ਨਾ ਸੌਂਦੀ ਸੀ। ਮਹਿਲਾਂ ਵਿਚ ਚੁਪ ਛਾਪ ਇਕ ਨੁਕਰੇ ਬੈਠੀ ਰਹਿੰਦੀ ਸੀ ਤੇ ਉਥੇ ਹੀ ਰਾਤ ਨੂੰ ਭੁੰਞੇ ਲੇਟ ਜਾਂਦੀ ਸੀ। ਜਾਂ ਕਦੀ ਕਦੀ ਰਾਹੁਲ ਨੂੰ ਲੋਰੀਆਂ ਦੇ ਛਡਦੀ ਸੀ। ਉਹ ਵੀ ਵਿਜੋਗ ਭਰੀਆਂ, ਰੁਆਉਣ ਵਾਲੀਆਂ।

ਸ਼ੁਧੋਦਨ ਰੋਜ਼ ਸਵੇਰੇ ਉਠ ਕੇ ਆਸ਼ਾ ਕਰਦੇ ਕਿ ਅਜ ਕੋਈ ਆ ਕੇ ਕਹਿੰਦਾ ਹੈ ਕਿ ਕੁਮਾਰ ਸਿਧਾਰਥ ਨੂੰ ਅਮੁਕ ਜਗ੍ਹਾ ਦੇਖਿਆ ਹੈ। ਆਖ਼ਰ ਪਤਾ ਲਗ ਹੀ ਗਿਆ ਕਿ ਕੁਮਾਰ ਸਿਧਾਰਥ ਰਾਜਗ੍ਰਹਿ ਵਿਚ ਹਨ ਤੇ ਜਿਸ ਸਚੇ ਗਿਆਨ ਦੀ ਤਲਾਸ਼ ਵਿਚ ਉਹ ਘਰੋਂ ਨਿਕਲੇ ਸਨ, ਉਹ ਉਨ੍ਹਾਂ ਨੂੰ ਮਿਲ ਗਿਆ ਹੈ ਤੇ ਹੁਣ ਉਹ ਬੁਧ ਹੋ ਗਏ ਹਨ। ਬੁਧ ਹੋ ਕੇ ਜਨਤਾ ਦਾ ਕਲਿਆਣ ਕਰ ਰਹੇ ਹਨ।

ਰਾਜਾ ਨੇ ਫੌਰਨ ਦੂਤ ਭੇਜਿਆ ਪਰ ਉਹ ਵਾਪਸ ਹੀ ਨਾ ਆਇਆ। ਬੁਧ ਦੇ ਬਚਨਾਂ ਦਾ ਉਸ ਉਤੇ ਇਤਨਾ ਅਸਰ ਪਿਆ ਕਿ ਉਹ ਉਥੇ ਹੀ ਰਹਿ ਗਿਆ।

ਰਾਜਾ ਨੇ ਇਕ ਹੋਰ ਭੇਜਿਆ ਤੇ ਇਸੇ ਤਰ੍ਹਾਂ ਕਈ ਪਰ



Digitized by Panjab Digital Library | www.panjabdigilib.org

ਮੜਿਆ ਕੋਈ ਨਾ। ਆਖ਼ਰ ਬੁਧ ਦੇ ਪੁਰਾਣੇ ਮਿੱਤਰ ਤੇ ਰਾਜ ਪਰੋਹਤ ਦੇ ਪੁਤਰ ਉਦਾਯੀ ਨੂੰ ਭੇਜਿਆ। ਉਹ ਵੀ ਬੁਧ ਦੇ ਉਪਦੇਸ਼ਾਂ ਤੋਂ ਪ੍ਰਭਾਵਤ ਹੋ ਕੇ ਬੁਧ ਦਾ ਸ਼ਿਸ਼ ਤਾਂ ਬਣ ਗਿਆ ਪਰ ਪਹਿਲਿਆਂ ਵਾਂਗੂੰ ਰਾਜਾ ਦੇ ਹੁਕਮ ਨੂੰ ਭੁਲ ਨਾ ਗਿਆ ਤੇ ਆਖ਼ਰ ਬੁਧ ਨੂੰ ਕਪਲਵਸਤੂ ਲੈ ਹੀ ਆਇਆ। ਭਾਵੇਂ ਆਉਂਦਿਆਂ ਆਉਂਦਿਆਂ ਵੀ ਕਈ ਮਹੀਨੇ ਲਗ ਗਏ।

ਬੁਧ ਕਪਲਵਸਤੂ ਆਏ ਤੇ ਉਨ੍ਹਾਂ ਦੇ ਉਤਾਰੇ ਦਾ ਪ੍ਰਬੰਧ ਉਨ੍ਹਾਂ ਦੀ ਮਰਜ਼ੀ ਮੁਤਾਬਕ ਜਾਂ ਰੁਚੀ ਮੁਤਾਬਕ ਇਕ ਬੜੇ ਭਾਰੇ ਤੇ ਡਾਢੇ ਸੋਹਣੇ ਅੰਬਾਂ ਦੇ ਬਾਗ਼ ਵਿਚ ਕੀਤਾ ਗਿਆ।

ਜਿਉਂ ਹੀ ਬੁਧ ਕਪਲ ਵਸਤੂ ਵਿਚ ਵੜੇ ਕਿ ਸ੍ਵਾਗਤ ਲਈ ਖੜੇ ਹਜ਼ਾਰਾਂ ਲੋਕਾਂ ਨੇ ਨਿਉਂ ਕੇ ਉਨ੍ਹਾਂ ਨੂੰ ਨਮਸਕਾਰ ਕੀਤਾ। ਇਥੋਂ ਤਕ ਕਿ ਪਿਤਾ ਸ਼ੁਧੋਦਨ ਨੇ ਵੀ। ਉਹ ਵੀ ਬੁਧ ਦੇ ਸ਼ਾਂਤ ਤੇ ਤੇਜੋ ਮਈ ਰੂਪ ਅਗੇ ਆਪਣੇ ਆਪ ਨੂੰ ਭੁਲ ਗਿਆ।

ਬੁਧ ਨੇ ਸਭ ਦੇ ਸਵਾਗਤ ਦਾ ਬੜੇ ਮਿਠੇ ਬੋਲ ਦਵਾਰਾ ਉਤਰ ਦਿਤਾ ਤੇ ਪਿਤਾ ਨੂੰ ਵੀ ਅਮਰ ਸ਼ਾਂਤੀ ਦੇ ਕੇ ਨਿਹਾਲ ਕਰ ਦਿੱਤਾ।

ਅਗਲੇ ਦਿਨ ਬੁਧ ਕਾਇਦੇ ਮੁਤਾਬਕ ਸੰਘੀਆਂ ਨੂੰ ਨਾਲ ਲੈ ਕੇ ਭਿਖਿਆ ਲਈ ਸ਼ਹਿਰ 'ਚ ਗਏ। ਇਹ ਦੇਖ ਕੇ ਰਾਜਾ ਸ਼ੁਧੋਦਨ ਨੂੰ ਬੜਾ ਦੁਖ ਹੋਇਆ ਤੇ ਉਸ ਨੇ ਰੋਕਿਆ ਅਜਿਹਾ ਕਰਨ ਤੋਂ ਪਰ ਬੁਧ ਨੇ ਕਿਹਾ—ਠੀਕ ਹੈ, ਜੋ ਮੈਂ ਕਰ ਰਿਹਾ



Digitized by Panjab Digital Library | www.panjabdigilib.org

ਹਾਂ। ਇਕ ਸਾਧੂ ਦਾ ਧਰਮ ਇਹੋ ਹੈ, ਟੁਕੜਾ ਟੁਕੜਾ। ਮੰਗ ਕੇ ਖਾਏ।

ਪੁਤਰ ਦੇ ਬਚਨਾਂ ਦਾ ਪਿਉ ਤੇ ਬੜਾ ਅਸਰ ਹੋਇਆ ਤੇ ਉਸ ਦਾ ਸਾਰਾ ਮੋਹ ਤੇ ਅਗਿਆਨ ਜਾਂਦਾ ਰਿਹਾ। ਫਿਰ ਉਸ ਨੇ ਬਤੌਰ ਇਕ ਭਿਖੂ ਸਾਧੂ ਦੇ ਸਾਰੇ ਸੰਘ ਸਮੇਤ ਬੁਧ ਨੂੰ ਭੋਜਣ ਲਈ ਮਹਿਲਾਂ ਵਿਚ ਸਦਾ ਦਿਤਾ। ਬੁਧ ਰਾਜ ਮਹਿਲਾਂ ਵਿਚ ਪਹੁੰਚੇ ਤੇ ਉਨ੍ਹਾਂ ਸਾਰੇ ਰਾਜਪਰਵਾਰ ਨੂੰ ਉਪਦੇਸ਼ ਦੇ ਕੇ ਨਿਹਾਲ ਕੀਤਾ। ਸਾਰੇ ਉਨ੍ਹਾਂ ਦੇ ਸ਼ਿਸ਼ ਬਣ ਗਏ। ਖੁਦ ਪਿਤਾ ਸ਼ੁਧੋਦਨ ਤੇ ਮਾਤਾ ਗੌਤਮੀ ਵੀ ਉਨ੍ਹਾਂ ਦੀ ਸ਼ਿਸ਼ ਬਣ ਗਈ।

ਇਸ ਦਾ ਬੜਾ ਭਾਰਾ ਅਸਰ ਆਮ ਲੋਕਾਂ ਤੇ ਹੋਇਆ ਤੇ ਲਖਾਂ ਲੋਕੀ ਬੁਧ ਦੇ ਸੇਵਕ ਬਣ ਗਏ।

## ਰਾਹੁਲ ਸੰਨਿਆਸ

ਯਸ਼ੋਧਰਾ ਦਾ ਮਹਿਲ ਹੁਣ ਮਹਿਲ ਨਹੀਂ ਹੈ, ਇਕ ਮੰਦਰ ਹੈ, ਪੂਜਾ ਘਰ ਹੈ, ਜਿਥੇ ਰੋਜ਼ ਦਿਨ ਭਰ ਪਤੀ ਦੀ ਪੂਜਾ ਹੁੰਦੀ ਹੈ, ਉਸ ਦੇ ਨਾਮ ਦੀ ਮਾਲਾ ਜਪੀ ਜਾਂਦੀ ਹੈ। ਮਤਲਬ ਕੀ, ਉਸ ਦੀ ਯਾਦ ਵਿਚ ਹੀ ਯਸ਼ੋਧਰਾ ਦਿਨ ਰਾਤ ਲਗੀ ਰਹਿੰਦੀ ਹੈ ਤੇ ਆਉਣ ਦੇ ਸੁਪਨੇ ਦੇਖਦੀ ਰਹਿੰਦੀ ਹੈ। ਹੁਣ ਉਹ ਇਕ ਅੰਗ-ਅੰਗ ਸਜੀ ਹੋਈ ਸਵਰਗ ਦੀ ਅਪਛਰਾ ਨਹੀਂ, ਸੰਸਾਰਕ ਵਿਜੋਗਨ ਹੈ। ਵਿਜੋਗ ਵਿਚ ਘੁਲ ਘੁਲ ਕੇ ਆਪਣਾ ਸਰੀਰ ਉਸ ਨੇ ਗਾਲ ਲੀਤਾ ਹੈ।

ਇਤਨੀ ਸੂਹ ਉਸ ਨੂੰ ਲਗ ਚੁਕੀ ਹੈ ਕਿ ਰਾਜ ਕੁਮਾਰ



Digitized by Panjab Digital Library | www.panjabdigilib.org

ਸਿਧਾਰਥ ਸੰਨਿਆਸੀ ਹੋ ਗਏ ਹਨ ਤੇ ਜਨ-ਸੇਵਾ ਦਾ ਕੰਮ ਕਰਦੇ ਹੋਏ ਜਗ੍ਹਾਂ ਜਗ੍ਹਾਂ ਫਿਰ ਰਹੇ ਹਨ।

ਅਜ ਉਸ ਦੀ ਇਕ ਸਹੇਲੀ ਲਲਤਾ ਨੇ ਉਸ ਨੂੰ ਕਿਹਾ :-"ਬੀਬੀ ! ਰਾਜ ਕੁਮਾਰ ਬੁਧ ਹੋ ਕੇ ਕਪਲ ਵਸਤੂ ਵਿਚ ਆਏ ਹੋਏ ਹਨ। ਬੜੀ ਖਲਕਤ ਜਾਂਦੀ ਹੈ, ਉਨ੍ਹਾਂ ਦੇ ਦਰਸ਼ਨਾਂ ਲਈ। ਤੂੰ ਵੀ ਚਲ। ਰਾਜਾ ਤੇ ਸਾਧੂ ਕੀ ਪਤਾ ਕਦ ਚਲੇ ਜਾਣ।

ਡੁਬ ਡੁਬ ਕਰਦੀਆਂ ਅਖਾਂ ਨਾਲ ਯਸ਼ੋਧਰਾ ਨੇ ਕਿਹਾ। ਠੀਕ ਹੈ ਭੈਣ ਮੇਰੀ, ਪਰ ਮੈਂ ਨਹੀਂ ਜਾਣਾ। ਮੈਂ ਜਾਣਦੀ ਹਾਂ, ਇਸਤਰੀ, ਸੰਨਿਆਸੀ-ਧਰਮ ਦੇ ਰਸਤੇ ਵਿਚ ਰੁਕਾਵਟ ਹੈ। ਮੈਨੂੰ ਦੇਖਣ ਨਾਲ ਜੇਕਰ ਉਨ੍ਹਾਂ ਦਾ ਸੰਨਿਆਸੀਪਨ ਨਸ਼ਟ ਹੋ ਗਿਆ ਤਾਂ ਫਿਰ ? ਬੜਾ ਅਨਰਥ ਹੋਵੇਗਾ। ਲੋਕ ਕਲਿਆਣ ਦਾ ਕੰਮ ਰੁਕ ਜਾਏਗਾ ਤੇ ਰਾਸ਼ਟਰ ਨੂੰ ਨੁਕਸਾਨ ਪਹੁੰਚੇਗਾ।

ਮੈਂ ਯਕੀਨ ਕਰਦੀ ਹਾਂ, ਉਹ ਖ਼ੁਦ ਹੀ ਮੈਨੂੰ ਆ ਕੇ ਦਰਸ਼ਨ ਦੇਣਗੇ, ਜਦੋਂ ਮੁਨਾਸਬ ਸਮਝਣਗੇ।

ਇਸ ਤਰ੍ਹਾਂ ਦੀਆਂ ਗਲਾਂ ਕਰ ਹੀ ਰਹੀ ਸੀ ਕਿ ਬੁਧ ਸਾਰਿਪੁਤਰ ਤੇ ਮੌਦ ਗਲਾਯਨ ਦੇ ਨਾਲ ਖੁਦ ਹੀ ਮਹਿਲਾਂ ਵਿਚ ਆ ਗਏ। ਦੇਖਦਿਆਂ ਹੀ ਧੜਕਦੇ ਦਿਲ ਨਾਲ ਤੇ ਜਲ ਭਰੇ ਨੇਤ੍ਰਾਂ ਨਾਲ ਯਸ਼ੋਧਰਾ ਦੌੜ ਕੇ ਬੁਧ ਦੇ ਚਰਨਾਂ ਵਿਚ ਪੈ ਗਈ।

ਬੁਧ ਬੜੇ ਮਿਠੇ ਤੇ ਪ੍ਰੇਮ ਭਰੇ ਸੁਰ ਵਿਚ ਬੋਲੇ-ਯਸ਼ੋਧਰਾ ! ਕੁਝ ਕਹਿਣਾ ਚਾਹੁੰਦੀ ਹੈਂ ? ਯਸ਼ੋਧਰਾ ਨੇ ਹਥ ਜੋੜ ਕੇ ਸੰਨਿਆਸੀ



Digitized by Panjab Digital Library | www.panjabdigilib.org

ਬਣਾਲੈਣ ਦੀ ਪ੍ਰਾਰਥਨਾ ਕੀਤੀ। ਬੁਧ ਨੇ ਸੰਨਿਆਸ ਧਰਮ ਦੀ ਦੀਖਿਆ ਦੇਕੇ ਸੰਨਿਆਸੀ ਜਾਂ ਭਿਖੁਨੀ ਬਣਾ ਤਾਂ ਦਿਤਾ ਪਰ ਨਾਲ ਨਾ ਲੈ ਗਏ ।

ਬੁਧ ਜਾ ਰਹੇ ਸਨ ਕਿ ਯਸ਼ੋਧਰਾ ਨੇ ਅੱਠਾਂ ਵਰ੍ਹਿਆਂ ਦੇ ਆਪਣੇ ਪੁਤਰ ਰਾਹੁਲ ਨੂੰ ਇਸ਼ਾਰਾ ਕਰ ਕੇ ਦਸਿਆ "ਇਹ ਤੇਰੇ ਪਿਤਾ ਹਨ" ਉਹ ਝਟ ਮਹਿਲਾਂ 'ਚੋਂ ਬਾਹਰ ਆਇਆ ਤੇ ਰਸਤਾ ਰੋਕ ਕੇ ਆਖਣ ਲਗਾ—"ਪਿਤਾ ਜੀ ! ਪਿਤ੍ਰੀਧਨ ਮੈਨੂੰ ਦਿਉ ।" ਬੁਧ ਬੋਲੇ—ਬੇਟਾ ! ਸਾਡੇ ਪਾਸ ਪ੍ਰਿਥਵੀ ਦੇ ਧਨ ਰਤਨ ਕੋਈ ਨਹੀਂ ਹਨ। ਗਿਆਨ ਰਤਨ ਹੈ ਜੋ ਜਲਦੀ ਹੀ ਤੈਨੂੰ ਮਿਲ ਜਾਏਗਾ । ਅਜ ਤੋਂ ਤੇਰੀ ਸਿਖਿਆ ਦਾ ਭਾਰ ਸਾਰਿਪੁਤਰ ਤੇ ਹੈ ।

ਇਹ ਆਖ ਕੇ ਬੁਧ ਨੇ ਇਕ ਭਿਖਿਆ ਪਾਤਰ ਰਾਹੁਲ ਦੇ ਹਥ ਵਿਚ ਦੇ ਦਿਤਾ ਤੇ ਨਾਲ ਲੈ ਤੁਰੇ । ਰਾਜਾ ਸ਼ੁਧੋਦਨ ਨੂੰ ਇਹ ਗਲ ਪਸੰਦ ਨਾ ਆਈ ਇਸ ਵਾਸਤੇ ਬੁਧ ਨੇ ਅਗੇ ਤੋਂ ਨੇਮ ਬਣਾ ਦਿਤਾ ਕਿ ਬਿਨਾ ਮਾਤਾ ਪਿਤਾ ਦੀ ਆਗਿਆ ਦੇ ਕਿਸੇ ਬਚੇ ਨੂੰ ਭਿਖੂ ਨਾ ਬਣਾਇਆ ਜਾਏ।

ਇਸ ਘਟਨਾ ਤੋਂ ਬਾਅਦ ਬੁਧ ਕੁਝ ਦਿਨ ਹੋਰ ਕਪਲ ਵਸਤੂ ਵਿਚ ਰਹੇ ਤੇ ਫਿਰ ਤੁਰ ਪਏ। ਤੁਰਨ ਤੋਂ ਪਹਿਲੇ ਉਨ੍ਹਾਂ ਨੇ ਯਸ਼ੋਧਰਾ ਨੂੰ ਸਦਿਆ ਤੇ ਕਿਹਾ—"ਯਸ਼ੋਧਰਾ ! ਜਦ ਤਕ ਮਾਤਾ ਪਿਤਾ ਨਿਰਵਾਨ ਪਦ ਪ੍ਰਾਪਤ ਨਹੀਂ ਕਰ ਲੈਂਦੇ, ਤੂੰ ਘਰ ਹੀ ਰਹੋ । ਉਨ੍ਹਾਂ ਦੀ ਸੇਵਾ ਕਰ, ਇਹ ਮੇਰੀ ਆਗਿਆ ਹੈ।

ਯਸ਼ੋਧਰਾ ਨੇ ਕੋਈ ਹੀਲ ਹੁਜੱਤ ਨਾ ਕੀਤੀ ਤੇ ਪਤੀ ਦੀ ਆਗਿਆ ਨੂੰ ਸਿਰ ਮਥੇ ਤੇ ਰਖ ਲੀਤਾ । ਫਿਰ ਰਾਹੁਲ



Digitized by Panjab Digital Library | www.panjabdigilib.org

ਨੂੰ ਕਿਹਾ—"ਜਾਉ ਬੇਟਾ ਪਿਤਾ ਦੇ ਨਾਲ । ਮਿਲੇ ਹੋਏ ਧਨ ਨੂੰ ਭੋਗੋ ਤੇ ਸ਼ਾਸਵਤ ਅੰਨਦ ਲਵੋ।

ਬੁਧ ਆਪਣੇ ਭਿਖੂਆਂ ਦੇ ਨਾਲ ਚਲੇ ਗਏ ਜਿਥੇ ਜਾਣਾ ਸੀ ਤੇ ਯਸ਼ੋਧਰਾ ਮਹਿਲਾਂ 'ਚ ਆਈ ਤੇ ਪਤੀ ਦੀ ਆਗਿਆ 'ਚ ਲਗ ਗਈ।

## ਪ੍ਰਚਾਰ ਕਾਰਜ

ਬੋਧੀ ਗਿਆਨ ਹਾਸਲ ਕਰ ਲੈਣ ਤੋਂ ਬਾਅਦ ਬੁੱਧ ਸਾਰੀ ਜ਼ਿੰਦਗੀ ਆਪਣੇ ਮਿਸ਼ਨ ਦਾ ਪ੍ਰਚਾਰ ਹੀ ਕਰਦੇ ਰਹੇ ਤੇ ਇਸ ਤਰ੍ਹਾਂ ਕਰੋੜਾਂ ਲੋਕਾਂ ਨੂੰ ਉਨ੍ਹਾਂ ਨੇ ਆਪਣੇ ਝੰਡੇ ਹੇਠਾਂ ਲਿਆਂਦਾ

ਕੁਲ ੪੬ ਚੌਮਾਸੇ ਉਨ੍ਹਾਂ ਕਟੇ ਤੇ ਕਿਸੇ ਇਕ ਜਗ੍ਹਾਂ ਟਿਕ ਕੇ ਪ੍ਰਚਾਰ ਕੀਤਾ । ਬਾਕੀ ਫਿਰ ਫਿਰ ਕੇ ਹੀ ਇਨ੍ਹ ੪੬ ਚੌਮਾਸਿਆਂ ਵਿਚ ਬੜਾ ਕੰਮ ਕੀਤਾ।

ਪਹਿਲਾ ਕਾਂਸ਼ੀ ਵਿਚ—ਇਸ ਵਿਚ ਕੀ ਹੋਇਆ ਪਿਛੇ ਜ਼ਿਕਰ ਆ ਚੁਕਾ ਹੈ।

ਦੂਜਾ ਰਾਜ ਗ੍ਰਹਿ ਵਿਚ—ਇਥੇ ਪਹਿਲੇ ਯਸ਼ਟੀਬਨ ਵਿਚ ਰਹੇ, ਫਿਰ ਖ਼ਿੰਬਸਾਰ ਨੇ ਬੇਨਬਨ ਭੇਟ ਕਰ ਦਿਤਾ ਉਥੇ ਰਹੇ। ਚੌਮਾਸਾ ਬੀਤ ਜਾਣ ਤੇ ਭਗਵਾਨ ਕਪਲ ਵਸਤੂ ਗਏ। ਉਥੇ ਜੋ ਕੁਝ ਹੋਇਆ ਪਿਛੇ ਆ ਚੁਕਾ ਹੈ। ਚੌਮਾਸਿਓਂ ਬਾਅਦ ਨਵਾਂ ਚੌਮਾਸਾ ਆਉਣ ਦੇ ਨੇੜੇ ਨੇੜੇ ਬੁਧ ਕਪਲ ਵਸਤੂਉਂ ਚਲ ਕੇ ਅਨਾਮਾ ਨਦੀ ਦੇ ਕਿਨਾਰੇ ਅਨੁਪਿਯ ਨਾਉਂ ਦੇ ਅੰਬਾਂ ਦੇ ਬਨ ਵਿਚ ਠਹਿਰੇ। ਇਥੇ ਕਪਲ ਵਸਤੂ ਦੇ ਛੀ ਰਾਜ



Digitized by Panjab Digital Library | www.panjabdigilib.org

ਕੁਮਾਰ ਆ ਕੇ ਸ਼ਿਸ਼ ਬਣੇ। ਉਪਾਲੀ ਨਾਉਂ ਦਾ ਇਕ ਨਾਈ ਵੀ ਸੀ। ਭਗਵਾਨ ਨੇ ਇਸ ਨੂੰ ਸਭ ਤੋਂ ਪਹਿਲੇ ਚੇਲਾ ਬਣਾਇਆ।

ਤੀਜਾ—ਫਿਰ ਰਾਜ ਗ੍ਰਹਿ ਦੇ ਬੇਨਬਨ ਵਿਚ ਬਿਤਾਇਆ। ਇਥੇ ਹੀ ਇਕ ਬੜੇ ਧਨੀ ਤੇ ਵਿਦਵਾਨ ਦਾ ਪੁੱਤਰ ਪਿੱਪਲ ਬੁੱਧ ਦਾ ਚੇਲਾ ਬਣਿਆ ਜੋ ਕਿ ਅਗੇ ਚਲ ਕੇ ਮਹਾਂ ਕਸ਼ੱਪ ਦੇ ਨਾਉਂ ਤੋਂ ਪ੍ਰਸਿਧ ਹੋਇਆ।

ਚੌਥਾ—ਇਹ ਵੀ ਰਾਜ ਗ੍ਰਹਿ ਵਿਚ ਹੀ ਬਿਤਾਇਆ।- ਖਤਮ ਹੋਣ ਤੇ ਵੈਸ਼ਾਲੀ ਗਏ। ਉਥੇ ਬੜਾ ਭਾਰਾ ਕਾਲ ਪਿਆ ਹੋਇਆ ਸੀ। ਆਪਣੇ ਕਾਲ ਪੀੜਤਾਂ ਦੀ ਬੜੀ ਮਦਦ ਕੀਤੀ।

ਪੰਜਵਾਂ ਵੈਸ਼ਾਲੀ ਵਿਚ—ਇਥੇ ਰਹਿੰਦਿਆਂ ਹੋਇਆਂ ਚੌਮਾਸਾ ਬੀਤ ਚੁਕਾ ਸੀ—ਬੁਧ ਮਰ ਰਹੇ ਪਿਤਾ ਦੀ ਖ਼ਾਹਿਸ਼ ਤੇ ਉਸ ਨੂੰ ਦਰਸ਼ਨ ਦੇਣ ਦੁਬਾਰਾ ਕਪਲ ਵਸਤੂ ਗਏ ਤੇ ਆਉਣ ਬਾਅਦ ਉਨ੍ਹਾਂ ਦੀ ਮਾਂ ਮਹਾਂ ਪ੍ਰਜਾਵਤੀ ਪੰਜ ਸੌ ਇਸਤਰੀਆਂ ਨਾਲ ਭਿਖੁਣੀ ਬਨਣ ਆ ਗਈ। ਆਨੰਦ ਦੀ ਸਿਫਾਰਸ਼ ਤੇ ਬੁਧ ਨੇ ਉਨ੍ਹਾਂ ਨੂੰ ਅਠਮਗ ਦਾ ਉਪਦੇਸ਼ ਦੇ ਕੇ ਇਸਤਰੀਆਂ ਦਾ ਵੀ ਇਕ ਭਿਖੁਣੀਸੰਘ ਬਣਾ ਦਿਤਾ।

ਛੀਵਾਂ—ਰਾਜਗ੍ਰਿਹ ਦੇ ਕੋਲ ਮੁਕੁਲ ਨਾਉਂਦੇ ਜੰਗਲ ਵਿਚ। ਇਥੇ ਬਿੰਬਸਾਰ ਦੀ ਵਡੀ ਰਾਣੀ ਭਿਖੁਣੀ ਬਣੀ।

ਸੱਤਵਾਂ—ਸ਼੍ਰਾਵਸਤੀ ਦੇ ਪਾਸ ਅਨਾਥ ਪਿੰਡ ੨ ਦੇ ਭੇਟ ਕੀਤੇ ਜੇਤ ਬਣ ਵਿਚ। ਇਥੇ ਹਾੜ ਦੀ ਪੂਰਣਮਾਂ ਨੂੰ ਲੋਕਾਂ ਨੂੰ ਯੋਗ ਦੇ ਚਮਤਕਾਰਾਂ ਤੋਂ ਦੂਰ ਰਹਿਣ ਦੀ ਸਿਖਿਆ ਦਿਤੀ।

ਅਠਵਾਂ—ਸ਼ਿੰਸੁ ਮਾਰ ਗਿਰੀ (ਚੁਨਾਰ—ਬਨਾਰਸ ਦੇ



Digitized by Panjab Digital Library | www.panjabdigilib.org

ਕੋਲ) ਬਿਤਾਇਆ । ਇਥੇ ਆਉਣ ਤੋਂ ਪਹਿਲੇ ਇਨ੍ਹਾਂ ਨਾਲ ਇਕ ਬੜੀ ਸ਼ਰਾਰਤ ਹੋਈ ਸੀ ਜੋ ਜਲਦੀ ਹੀ ਪ੍ਰਗਟ ਹੋ ਗਈ ਤੇ ਸ਼ਰਾਰਤ ਕਰਨ ਵਾਲਿਆਂ ਨੂੰ ਲੋਕਾਂ ਤੋਂ ਲ੍ਹਾਨਤਾਂ ਪਾਈਆਂ।

ਨੌਵਾਂ–ਕੌਸ਼ਾਂਭੀ (ਇਲ੍ਹਾਵਾਦ) ਵਿਚ। ਇਸ ਤੋਂ ਪਹਿਲੇ ਇਕ ਹੋਰ ਜਗ੍ਹਾਂ ਉਹ ਗਏ ਸਨ। ਉਥੇ ਇਕ ਬ੍ਰਾਹਮਣ ਨੇ ਆਪ ਦੀ ਕੁੜੀ ਮਾਂਗਧੀ ਬੁਧ ਨੂੰ ਵਿਆਹ ਦੇਣੀ ਚਾਹੀ। ਬੁਧ ਭਲਾ ਕਦੀ ਇਸ ਨੂੰ ਕਬੂਲ ਕਰ ਸਕਦੇ ਸਨ । ਉਹ ਕੌਸ਼ਾਂਭੀ ਦੇ ਰਾਜਾ ਉਦੈਨ ਨੂੰ ਵਿਆਹੀ ਗਈ । ਉਦੈਨ ਦੀ ਵਿਚਲੀ ਰਾਣੀ ਬੁਧ ਦੀ ਭਗਤਨੀ ਸੀ। ਬਸ ਇਸੇ ਕਰ ਕੇ ਮਾਂਗਧੀ ਨੇ ਜਿਊਂਦੀ ਨੂੰ ਉਸ ਨੂੰ ਸਾੜ ਦਿਤਾ।

ਦਸਵਾਂ–ਰਾਜਗ੍ਰਿਹ ਪਾਸ ਪਿਪਲੋਯ ਨਾਉਂਦੇ ਇਕ ਬਨ ਵਿਚ ਇਕਲਿਆ ਹੀ ਬਿਤਾਇਆ। ਇਸ ਤੋਂ ਬਾਅਦ ਸ਼੍ਰਾਵਸਤੀ ਨੂੰ ਚਲੇ ਗਏ। ਉਧਰੋਂ ਦੇਵਦਤ ਆਪਣੇ ਅਸਲੀ ਰੂਪ ਵਿਚ ਆ ਗਿਆ ਤੇ ਉਸ ਨੇ ਬਿੰਬਸਾਰ ਦੇ ਪੁਤਰ ਅਜਾਤ ਸ਼ਤਰੂ ਨੂੰ ਅੜੇ ਲਾ ਕੇ ਬੁਧ ਨੂੰ ਦੁਖ ਦੇਣਾ ਸ਼ੁਰੂ ਕਰ ਦਿਤਾ।

ਗਿਆਰਵਾਂ–ਰਾਜਗ੍ਰਿਹ ਦੇ ਕੋਲ ਇਕ ਨਵੇਕਲੀ ਜਗ੍ਹਾਂ ਬਿਤਾਇਆ ਤੇ ਇਥੇ ਕ੍ਰਿਖੀ ਧਰਮ ਦਾ ਉਪਦੇਸ਼ ਕੀਤਾ।

ਬਾਰ੍ਹਵਾਂ–ਮਥੁਰਾ ਕਨੌਜ ਦੇ ਵਿਚਕਾਰ ਵੇਰੁਜਰ ਗਾਉਂਦੇ ਕੋਲ ਉਪਦੇਸ਼ ਦਿੰਦੇ ਰਹੇ।

ਤੇਰ੍ਹਵਾਂ–ਬਿਹਾਰ ਦੇ ਪਾਸ ਚੇਲੀਯ ਪਰਬਤ ਤੇ। ਇਥੇ ਗਯਾ ਦੇ ਦੋ ਯੱਖਾਂ ਨੂੰ ਜੋ ਕਿ ਬੜੇ ਆਕੜ ਖਾਂ ਸਨ ਉਪਦੇਸ਼ ਦਿਤਾ ।



Digitized by Panjab Digital Library | www.panjabdigilib.org

ਚੌਦੁਵਾਂ—ਸ੍ਰਾਵਸਤੀ ਦੇ ਜੇਤ ਬਨ ਵਿਚ ਬਿਤਾਇਆ ਇਸ ਤੋਂ ਪਹਿਲੇ ਉਥੋਂ ਦੇ ਰਾਜ ਪਰੋਹਤ ਦੇ ਪੁਤਰ ਨੂੰ ਜੋ ਕਿ ਬੜਾ ਗੁੰਡਾ ਸੀ, ਨੇਕ ਰਸਤੇ ਤੇ ਪਾਇਆ।

ਪੰਦਰੁਵਾਂ—ਕਪਲ ਵਸਤੂ ਦੇ ਪਾਸ ਲੋਧ ਗ੍ਰਾਮ ਦੇ ਲਾਗੇ ਬਿਤਾਇਆ। ਬਆਦ ਸ੍ਰਾਵਸਤੀ ਗਏ। ਉਥੇ ਇਕ ਜਨਾ ਰੋਜ਼ ਇਕ ਮਨੁਖ ਮਾਰ ਕੇ ਉਸ ਦਾ ਮਾਸ ਖਾਂਦਾ ਸੀ। ਉਸ ਨੂੰ ਉਪਦੇਸ਼ ਦੇ ਕੇ ਅਹਿੰਸਾਵਾਦੀ ਬਣਾਇਆ।

ਸੋਲ੍ਹਵਾਂ—ਸ੍ਰਾਵਸਤੀ ਦੇ ਉਸੇ ਕਸਬੇ 'ਚ ਬਿਤਾਇਆ ਜਿਥੇ ਇਕ ਨਰ ਮਾਸ ਭਖੀ ਨੂੰ ਅਹਿੰਸਾਵਾਦੀ ਬਣਾਇਆ ਸੀ।

ਸਤਾਰ੍ਹਵਾਂ ਤੇ ਅਠ੍ਹਾਵਾਂ—ਰਾਜਗ੍ਰਹਿ ਵਿਚ ਕਟਿਆ। ਇਥੇ ਰਹਿੰਦਿਆਂ ਹੀ ਦੇਵਦਤ ਨੇ ਕਈ ਸ਼ਰਾਰਤਾਂ ਕੀਤੀ। ਪਰ ਪੇਸ਼ ਕੋਈ ਨਾ ਗਈ।

ਉਨੀਵਾਂ—ਚਲਿਆ ਪਰਬਤ ਤੇ ਕਟ ਕੇ ਫਿਰ ਰਾਜ ਗ੍ਰਿਹ ਦੇ ਕੋਲ ਗ੍ਰਿਧਕੂਣ ਪਰਬਤਤੇ ਆ ਗਏ। ਦੇਵਦੱਤ ਦੀਆਂ ਸ਼ਰਾਰਤਾਂ ਬਾਕਾਇਦਾ ਚਲਦੀਆਂ ਰਹੀਆਂ। ਉਸ ਨੇ ਬਿੰਬਸਾਰ ਦੇ ਪੁਤਰ ਅਜਾਤ ਸ਼ਤਰੂ ਨੂੰ ਅਡੇ ਲਾਇਆ ਹੋਇਆ ਸੀ ਤੇ ਉਸ ਕੋਲੋਂ ਉਸ ਦੇ ਪਿਉਂ ਨੂੰ ਕੈਦ ਕਰਵਾਇਆ ਹੋਈਆ ਸੀ।

ਵੀਹਵਾਂ—ਇਹ ਉਨ੍ਹਾਂ ਨੇ ਰਾਜਗ੍ਰਿਹ ਵਿਚ ਆਖ਼ਰੀ ਬਿਤਾਇਆ। ਫਿਰ ਉਹ ਇਥੇ ਨਹੀਂ ਆਏ।

ਇਕੀਵਾਂ—ਸ਼੍ਰਾਵਸਤੀ ਵਿਚ ਕਟਿਆ ਤੇ ਇਸ ਤੋਂ ਬਾਅਦ ਉਹ ਪ੍ਰਚਾਰ ਲਈ ਸਦਾ ਭ੍ਰਮਣ ਤਾਂ ਕਰਦੇ ਰਹੇ ਪਰ ਚੌਮਾਸਾ ਹੋਰ ਜਗ੍ਹਾਂ ਨਹੀਂ ਕਟਿਆ। ਸਦਾ ਇਥੇ ਹੀ ਕਟਿਆ। ਇਕ ਵਾਰੀ ਇਕ ਬ੍ਰਾਹਮਣ ਨੂੰ ਉਪਦੇਸ਼ ਦਿੰਦਿਆਂ ਹੋਇਆ ਉਨ੍ਹਾਂ



Digitized by Panjab Digital Library | www.panjabdigilib.org

ਕਿਹਾ—"ਜਨਮ ਤੋਂ ਨਾ ਕੋਈ ਬ੍ਰਾਹਮਣ ਹੁੰਦਾ ਹੈ, ਨਾ ਚੰਡਾਲ। ਕਰਮਾਂ ਕਰ ਕੇ ਹੀ ਜੋ ਹੁੰਦਾ ਹੈ, ਹੁੰਦਾ ਹੈ।

## ਆਖਰੀ ਦੌਰਾ

ਪੈਂਤਾਲੀਵਾਂ ਚੌਮਾਸਾਂ ਜੇਤ ਬਨ ਵਿਚ ਬਿਤਾ ਕੇ ਬੁਧ ਕਈ ਜਗ੍ਹਾਂ ਦੇ ਦੌਰੇ ਕਰਦੇ ਹੋਏ ਨਾਦਿਕਾ ਪਹੁੰਚੇ। ਨਾਦਿਕਾ ਵੈਸ਼ਾਲੀ ਦੇ ਪਾਸ ਇਕ ਜਗ੍ਹਾਂ ਸੀ। ਵੈਸ਼ਾਲੀ ਵਿਚ ਆਮਰ-ਪਾਲੀ ਨਾਉਂਦੀ ਇਕ ਬੜੀ ਖ਼ੂਬ ਸੂਰਤ ਤੇ ਜਵਾਨ ਵੇਸਵਾ ਰਹਿੰਦੀ ਸੀ। ਉਹ ਬੁਧ ਦੇ ਦਰਸ਼ਨ ਕਰਨ ਆਈ। ਉਸ ਨੂੰ ਉਪਦੇਸ਼ ਦਿੰਦਿਆਂ ਹੋਇਆ ਬੁਧ ਨੇ ਕਿਹਾ—"ਦੂਸਰਿਆਂ ਦੇ ਸਹਾਰੇ ਰਹਿਣਾ ਮਹਾਨ ਦੁਖ ਹੈ ਤੇ ਆਪਣੇ ਪੈਰਾ ਤੇ ਖੜੇ ਰਹਿਣਾ ਮਹਾਨ ਸੁਖ ਹੈ। ਇਸਤਰੀਆਂ ਦੂਸਿਰਆਂ ਦੇ ਸਹਾਰੇ ਰਹਿੰਦੀਆਂ ਹਨ ਇਹ ਬੜੀ ਹੈਰਾਨੀ ਵਾਲੀ ਗੱਲ ਹੈ। ਤੁਸੀਂ ਵੀ ਕਿਸੇ ਨਤੀਜੇ ਤੇ ਪਹੁੰਚੋ, ਕਿਉਂਕਿ ਪਰਾਇਆ ਸਹਾਰਾ ਤੇ ਵਿਅੱਮਦੇ ਕਾਰਣ ਇਸਤਰੀਸਾਂ ਨੂੰ ਬਹੁਤ ਕਸ਼ਟ ਹੁੰਦਾ ਹੈ।

ਆਮਰਪਾਲੀ ਨੇ ਇਕ ਬੜਾ ਭਾਰਾ ਅੰਬਾਂ ਦਾ ਬਨ ਭੇਟਾ ਕੀਤਾ ਤੇ ਸੰਘ ਸਹਿਤ ਭੋਜਨ ਵੀ ਕਰਵਾਇਆ। ਬੁਧ ਉਸ ਬਨ ਵਿਚ ਕੁਝ ਚਿਰ ਰਹੇ ਤੇ ਫਿਰ ਫਿਰਦੇ ਫਿਰਦੇ "ਪਾਵਾ" ਵਿਚ ਪਹੁੰਚੇ। ਪਾਵਾ ਵਿਚ ਚੁੰਦ ਨਾਉਂਦੇ ਇਕ ਭਗਤ ਨੇ ਸੰਘ ਸਮੇਤ ਬੁਧ ਨੂੰ ਭੋਜਨ ਲਈ ਸਦਿਆ। ਬੁਧ ਗਏ ਤੇ ਉਸ ਨੇ ਹੋਰਨਾਂ ਚੀਜ਼ਾਂ ਦੇ ਨਾਲ ਨਾਲ ਸੂਰ ਦਾ ਮਾਸ ਵੀ ਖਾਣ ਲਈ ਰਖ ਦਿਤਾ। ਬੁਧ ਉਹ ਵੀ ਖਾ ਗਏ।



Digitized by Panjab Digital Library / www.panjabdigilib.org

ਸ਼ਰੀਰ ਅਗੇ ਵਿਗੜਿਆ ਹੋਇਆ ਸੀ । ਮਾਸ ਖਾਣਾ ਨਾਲ ਹੋਰ ਵਿਗੜ ਗਿਆ । ਉਹ ਉਸੇ ਹਾਲਤ ਵਿਚ ਉਥੋਂ ਚਲੇ ਗਏ ।

## ਮਹਾਂ ਪਰਿਨਿਰਵਾਨ ਅੰਤ

ਮੱਲਾਂ ਦੀ ਰਾਜਧਾਨੀ ਕੁਸ਼ੀਨਾਰ ਵਿਚ ਪਹੁੰਚ ਕੇ ਬੁਧ ਹਿਰਨ ਵਤੀ ਨਦੀ ਦੇ ਕਿਨਾਰੇ ਸ਼ਾਲ ਦੇ ਇਕ ਬਨ ਵਿਚ ਚਲੇ ਗਏ ਤੇ ਉਥੇ ਸਾਖੂ ਦੇ ਦੋ ਦ੍ਰਖਤਾਂ ਦੇ ਹੇਠਾਂ, ਉਨ੍ਹਾਂ ਦਾ ਲਈ ਪੰਲਘ ਡਾਹ ਦਿਤਾ ਗਿਆ । ਉਹ ਲੇਟ ਗਏ । ਪਾਸ ਬੜੇ ਬੜੇ ਦਿਵਾਨ ਸ਼ਿਸ਼ ਬੈਠੇ ਸਨ । ਆਨੰਦ ਨੇ ਕਿਹਾ ਚੁੰਦ ਭੋਜਨ ਹੀ ਭਗਵਾਨ ਦੇ ਦੇਹ ਤਿਆਗ ਦਾ ਕਾਰਨ ਹੋ ਰਿਹਾ ਹੈ । ਬੁਧ ਨੇ ਕਿਹਾ—"ਪਿਆਰੇ ਆਨੰਦ, ਅਜਿਹਾ ਨਾ ਆਖ । ਜ਼ਿੰਦਗੀ ਵਿਚ ਦੋ ਹੀ ਭਿਖਿਆ ਸਭ ਤੋਂ ਸ੍ਰੇਸ਼ਟ ਪਾਈਆਂ ਹਨ । ਇਕ ਸੁਜਾਤਾ ਦੀ ਦੂਸਰੀ ਚੁਦ ਦੀ ।"

ਫਿਰ ਬੋਲੇ ਆਨੰਦ ! ਸਭ ਭਿਖੂਆਂ ਨੂੰ ਸਦ ਲਿਆਓ, ਅਸੀਂ ਆਖ਼ਰੀ ਉਰਦੇਸ਼ ਕਰਾਂਗੇ । ਉਹ ਗਿਆ ਤੇ ਫੌਰਨ ਸਭ ਭਿਖੂਆ ਗਏ । ਬੁਧ ਨੇ ਅੱਠਮਗ ਦੀ ਵਿਆਖਿਆ ਕਰਦੇ ਹੋਏ ਕਿਹਾ—"

ਰੋਗ ਸ਼ੋਕ ਬੁਢਾਪਾ ਤੇ ਮੌਤ ਵਗੈਰਾ ਦੁਖ ਜਨਮ ਪਾਉਣ ਨਾਲ ਹੀ ਹੁੰਦੇ ਹਨ ਤੇ ਜਨਮ ਦਾ ਮੂਲ ਕਾਰਣ ਤ੍ਰਿਸ਼ਨਾ ਹੈ । ਤ੍ਰਿਸ਼ਨਾ ਪੂਰੀ ਕਦੇ ਨਹੀਂ ਹੁੰਦੀ । ਪੈਰੋ-ਪੈਰ ਵਧਦੀ ਜਾਂਦੀ ਹੈ ਤੇ ਜੀਵਨ ਨੂੰ ਦੁਖੀ ਰਖਦੀ ਹੈ, ਇਸ ਵਾਸਤੇ ਤ੍ਰਿਸ਼ਨਾ ਦਾ ਨਾਸ



Digitized by Panjab Digital Library | www.panjabdigilib.org

ਜ਼ਰੂਰੀ ਹੈ।

ਖਾਣਾ ਖਾਓ ਉਤਨਾ ਹੀ ਜਿਤਨਾ ਸਰੀਰ ਰਖਿਆ ਲਈ ਜ਼ਰੂਰੀ ਹੈ। ਜ਼ਿਆਦਾ ਨੁਕਸਾਨ ਦੇਹ ਹੈ।

ਜਿਹੜਾ ਸ਼ਾਹੂਕਾਰਾਂ ਕੋਲੋਂ ਨਹੀਂ ਡਰਦਾ, ਜਿਸ ਦੀਆਂ ਖ਼ਾਹਿਸ਼ਾਂ ਥੋੜੀਆਂ ਹਨ, ਨਿਰਵਾਨ (ਮੁਕਤੀ) ਉਸੇ ਨੂੰ ਹਾਸਲ ਹੁੰਦਾ ਹੈ। ਜੇ ਨਿਰਵਾਨ ਚਾਹੁੰਦੇ ਹੋ ਤਾਂ ਸੰਤੋਖ ਦਾ ਅਭਿਆਸ ਕਰੋ।

ਤੁਸਾਂ ਜਿਸ ਧਰਮ ਨੂੰ ਗ੍ਰਹਣ ਕੀਤਾ ਹੈ, ਉਸ ਉਤੇ ਪਕੇ ਰਹੋ ਤੇ ਆਪਣਾ ਜੀਵਨ ਉਚਾ ਤੇ ਸੁੱਚਾ ਬਨਾਓ। ਵਹਿਮਾਂ ਭਰਮਾਂ ਵਿਚ ਕਦੇ ਨਾ ਜਾਣਾ। ਗ੍ਰਹਦਸ਼ਾ ਵਗੈਰਾ ਕੁਝ ਨਹੀਂ। ਫਲਤ ਜੋਤਸ਼ ਦੀਆਂ ਗਲਾਂ ਤੋਂ ਤੇ ਹਥ ਰੇਖ ਦੇਖ ਕੇ ਅਗਲੀਆਂ ਪਿਛਲੀਆਂ ਗਲਾਂ ਕਹਿਣ ਸੁਨਣ ਤੋਂ ਦੂਰ ਹੀ ਰਹਿਣਾ। ਇਨ੍ਹਾਂ ਵਿਚ ਕੁਝ ਨਹੀਂ। ਅੱਠਮਗ ਤੇ ਚਲੋ ਤੇ ਲੋਕਾਂ ਨੂੰ ਚਲਾਓ। ਮਿਲ ਕੇ ਚਲਣਾ। ਨਫ਼ਰਤ ਕਿਸੇ ਤੋਂ ਨਹੀਂ ਕਰਨੀ। ਸਮਾਜ ਦੇ ਦਬੇ ਪੀਸੇ ਲੋਕਾਂ ਨਾਲ ਖਾਸ ਤੌਰ ਤੇ ਤਾਲ ਮੇਲ ਰਖਣਾ ਤੇ ਉਨ੍ਹਾਂ ਨੂੰ ਉਨਤ ਬਨਾਉਣਾ।

ਕਰੁਣਾ ਭਰੇ, ਹਮਦਰਦ ਤੇ ਹਿਤੈਸ਼ੀ ਗੁਰੂ ਨੂੰ ਜੋ ਕੁਝ ਕਹਿਣਾ ਚਾਹੀਦਾ ਹੈ, ਮੈਂ ਕਹਿ ਦਿਤਾ ਹੈ, ਆਪ ਇਸ ਸਭ ਨੂੰ ਅਪਣਾ ਲਵੋ," ਕਹਿੰਦੇ ਕਹਿੰਦੇ ਕਰੁਣਾ ਦੀ ਮੂਰਤ ਬੁਧ ਨੇ ਸ਼ਰੀਰ ਛਡ ਦਿਤਾ। ਇਹ ਗਲ ੪੮੮ ਈ: ਪੂ: ਦੀ ਹੈ।

ਬੁਧ ਦੇ ਸ਼ਰੀਰ ਤਿਆਗ ਦੀ ਖ਼ਬਰ ਬਿਜਲੀ ਦੀ ਤਰ੍ਹਾਂ ਸਾਰੇ ਫੈਲ ਗਈ ਤੇ ਟਿਡੀ ਦਲ ਦੀ ਤਰ੍ਹਾਂ ਜਨਸਮੂਹ ਇਕਠਾ ਹੋਇਆ। ਕੁਸ਼ੀਨਾਰ ਦੇ ਮੱਲਰਾਜ ਨੇ ਬੁਧ ਦੀ ਦੇਹ ਨੂੰ ਤਰ੍ਹਾਂ



Digitized by Panjab Digital Library | www.panjabdigilib.org

ਤਰ੍ਹਾਂ ਦੇ ਖ਼ੁਸ਼ਬੂਦਾਰ ਪਦਾਰਥ ਲਗਾ ਕੇ ਤੇਲ ਨਾਲ ਭਰੀ ਬੇੜੀ ਵਿਚ ਰਖ ਦਿਤਾ ਤੇ ਦੂਰ ਦੂਰ ਖ਼ਬਰ ਭੇਜ ਦਿਤੀ । ਸੁਣਦਿਆਂ ਹੀ ਧਚੜਿਆਂ ਦੇ ਧਚੜੇ ਲੋਕਾਂ ਦੇ ਆ ਜਮਾ ਹੋਏ । ਸਤਵੇਂ ਦਿਨ ਭਗਵਾਨ ਦਾ ਦਾਹ ਸੰਸਕਾਰ ਹੋਇਆ। ਚਿਖਾ ਬਲ ਰਹੀ ਸੀ ਕਿ ਬਾਰਿਸ਼ ਆ ਗਈ। ਨਤੀਜਾ ਇਹ ਹੋਇਆ ਕਿ ਚਮੜਾ ਤਾਂ ਸਾਰਾ ਸੜ ਗਿਆ ਪਰ ਹਡੀਆਂ ਨਾ ਸੜ ਸਕੀਆਂ । ਉਹ ਚੁਣ ਲੀਤੀਆਂ । ਮੱਲ ਰਾਜਾ ਚਾਹੁੰਦਾ ਸੀ ਉਥੇ ਹੀ ਇਕ ਸੁੰਦਰ ਮੁਨਾਰਾ ਬਨਵਾਉਣਾ ਕਿ ਵੈਸ਼ਾਲੀ ਆਦਕ ਰਾਜਿਆਂ ਦੇ ਦੂਤ ਆਪਣਾ ਆਪਣਾ ਹਡੀਆਂ ਦਾ ਹਿਸਾ ਮੰਗਣ ਲਗੇ । ਮੱਲ ਰਾਜਾ ਨੇ ਦੇਣ ਤੋਂ ਇਨਕਾਰ ਕਰ ਦਿਤਾ। ਨਤੀਜਾ ਇਹ ਹੋਇਆ ਕਿ ਜੰਗ ਹੋਣ ਲਗਾ। ਇਹ ਦੇਖ ਕੇ ਦ੍ਰੋਣਾ ਚਾਰਜ ਨੇ ਜਿਸਦੀ ਕੁਟੀਆ ਦੇ ਕੋਲ ਬੁਧ ਦੇਵ ਨੇ ਆਖ਼ਰੀ ਵਿਸ਼੍ਰਾਮ ਕੀਤਾ ਸੀ, ਸਮਝਾ ਬੁਝਾ ਕੇ ਜੰਗ ਰੋਕ ਦਿਤਾ ਤੇ ਹਡੀਆਂ ਦੇ ਅੱਠ ਹਿਸੇ ਕਰ ਦਿਤੇ। ਸਭ ਆਪਣਾ ੨ ਹਿੱਸਾ ਲੈ ਕੇ ਚਲੇ ਗਏ ਤਾਂ ਨੇਪਾਲ ਦੀ ਤਲ-ਹਟੀ ਦੇ ਇਕ ਰਾਜ-ਪਿਪਲੀਕਾਨਨ ਦੇ ਰਜਾ ਦਾ ਦੂਤ ਆ ਗਿਆ। ਉਸ ਨੂੰ ਦ੍ਰੋਣ ਨੇ ਚਿਖਾ ਦਾ ਇਕ ਕੋਲਾ ਦੇ ਦਿਤਾ । ਉਹ ਉਹੋ ਲੈ ਕੇ ਚਲਿਆ ਗਿਆ। ਸਭ ਨੇ ਆਪਣੇ ਆਪਣੇ ਰਾਜ ਵਿਚ ਬੁਧ ਦੀ ਨਿਸ਼ਾਨੀ ਦਾ ਜਲੂਸ ਕਢ ਕੇ ਤੇ ਉਸ ਨੂੰ ਘੜੇ ਵਿਚ ਬੰਦ ਕਰ ਕੇ ਜ਼ਮੀਨ ਵਿਚ ਦਬ ਦਿਤਾ ਤੇ ਉਸ ਉਤੇ ਇਕ ਇਕ ਸੋਹਣਾ ਮੀਨਾਰ ਬਣਵਾ ਦਿਤਾ। ਦ੍ਰੋਣ ਦੇ ਹਿਸੇ ਰਾਖ ਆਈ। ਉਸ ਨੇ ਉਹੋ ਘੜੇ 'ਚ ਭਰਕੇ ਉਸ ਉਤੇ ਇਕ ਮੁਨਾਰਾ ਬਣਵਾਦਿਤਾ

ਇਸ ਤਰ੍ਹਾਂ ਦੁਨੀਆਂ ਦੇ ਇਕ ਬੇਹਤਰੀਨ ਇਨਸਾਨ ਦੀ ਅੰਤ ਹੋਇਆ।

—



Digitized by Panjab Digital Library | www.panjabdigilib.org

# ਬੋਧਾਂ ਸੰਬੰਧੀ ਕੁਝ ਮੋਟੀ ਜਾਨਕਾਰੀ

## ਬੁਧ ਕੌਣ ਸਨ ?

ਦੁਨੀਆਂ ਦੇ ਉਹ ਪਹਿਲੇ ਧਾਰਮਕ ਜਾਂ ਅਧਿਆਤਮਕ ਨੇਤਾ ਸਨ, ਜਿਨ੍ਹਾਂ ਬਿਨਾਂ ਰਬ, ਰਬ ਦਾ ਪੁਤਰ, ਪ੍ਰਤੀਨਿਧ ਜਾਂ ਪੀਰ ਪੈਗੰਬਰ ਹੋਣ ਦਾ ਦਾਹਵਾ ਕੀਤੇ,ਕ੍ਰੋੜਾਂ ਇਨਸਾਨਾਂ ਨੂੰ ਮਗਰ ਲਗਾ ਲੀਤਾ ਤੇ ਹਿੰਦੁਸਤਾਨ ਦੇ ਇਕ ਸਿਰੇ ਤੋਂ ਲੈ ਕੇ ਦੂਸਰੇ ਸਿਰੇ ਤਕ ਤਕਰੀਬਨ ਸਾਰੇ ਹੀ ਇਕ ਬੜੀ ਭਾਰੀ ਸਮਾਜਿਕ ਕ੍ਰਾਂਤੀ ਮਚਾ ਦਿਤੀ ਤੇ ਆਪਣੇ ਜੀਵਨ ਵਿਚ ਹੀ ਉਸ ਨੂੰ ਸਫ਼ਲ ਤੇ ਫੁਲਦੀ ਫਲਦੀ ਦੇਖ ਲੀਤਾ। ਉਹ ਕ੍ਰਾਂਤੀ ਸਦੀਆਂ ਤਕ ਕਾਇਮ ਰਹੀ ਤੇ ਅਜ ਵੀ ਅੱਧੀ ਦੁਨੀਆਂ ਤੋਂ ਜ਼ਿਆਦਾ ਦੁਨੀਆਂ ਵਿਚ ਕਾਇਮ ਹੈ। ਭਾਵੇਂ ਅਸਲੀ ਰੂਪ ਨਹੀਂ ਹੈ, ਇਹ ਅਸੀਂ ਮੰਨਦੇ



Digitized by Panjab Digital Library | www.panjabdigilib.org

ਹਾਂ । ਗਲ ਅਜ ਤੋਂ ਕੋਈ ਪੰਝੀ ਕੁ ਸੌ ਸਾਲ ਪਹਿਲੇ ਦੀ ਹੈ । ਉਦੋਂ ਹਿੰਦੁਸਤਾਨ ਵਿਚ ਪਰੋਹਤ । ਧਰਮ ਦਾ ਬੜਾ ਜ਼ੋਰ ਸੀ । ਪਰੋਹਤ ਲੋਗ ਲੋਕਾਂ ਨੂੰ ਸਵਰਗ ਦਾ ਲਾਲਚ ਦੇ ਕੇ ਖ਼ੂਬ ਲੁਟਿਆ ਕਰਦੇ(ਸਨ । ਲੋਕਾਂ ਪਾਸੋਂ ਬੜੇ ਬੜੇ ਜਗ ਹਵਨ ਕਰਵਾ ਕੇ ਖ਼ੂਬ ਦਾਨ ਦਖਨਾ ਲੀਤਾ ਕਰਦੇ ਸਨ ।

ਪਰੋਹਤਾਂ ਦੀ ਇਸ ਧਾਰਮਕ ਲੁਟ ਖਸੁਟ ਤੋਂ ਬੜੇ ਬੜੇ ਰਾਜੇ ਮਹਾਰਾਜੇ ਤੇ ਧਨਾਢ ਲੋਕ ਹੀ ਨਹੀਂ, ਸਗੋਂ ਗ਼ਰੀਬ ਤੇ ਵਿਚਲੇ ਦਰਜੇ ਦੇ ਵੀ ਬੜੇ ਤੰਗ ਆਏ ਹੋਏ ਸਨ । ਜ਼ਾਤ-ਪਾਤ ਤੇ ਛੂਤ ਛਾਤ ਦੇ ਬਖੇੜੇ ਨੇ ਵੀ ਲੋਕਾਂ ਨੂੰ ਬੜਾ ਤੰਗ ਕੀਤਾ ਹੋਇਆ ਸੀ ਤੇ ਕਹਾਉਣ ਵਾਲੀਆਂ ਨੀਵੀਆਂ ਜਾਤਾਂ ਦਾ ਜੀਊਣਾ ਮੁਸ਼ਕਲ ਹੋਇਆ ਹੋਇਆ ਸੀ ।

ਬੁਧ ਨੇ ਇਸ ਦੇ ਵਿਰੁਧ ਆਵਾਜ਼ ਉਠਾਈ ਤੇ ਡਟ ਕੇ ਮੁਕਾਬਲਾ ਕੀਤਾ । ਉਨ੍ਹਾਂ ਦੇ ਰਾਹ ਵਿਚ ਬੜੀਆਂ ਔਕੜਾਂ ਆਈਆਂ ਪਰ ਉਹ ਜ਼ਰਾ ਨਾ ਘਬਰਾਏ । ਉਨ੍ਹਾਂ ਦੇ ਵਿਰੋਧੀਆਂ ਨੇ ਉਨ੍ਹਾਂ ਨੂੰ ਬਦਨਾਮ ਕਰਨ ਲਈ ਤੇ ਜਾਣ ਤਕ ਤੋਂ ਮਾਰਨ ਲਈ ਹੋਰ ਤਾਂ ਕੀ ਉਹਨਾਂ ਦੇ ਹੀ ਇਕ ਪੁਰਾਣੇ ਈਰਖੀ ਭਰਾ ਦੇਵ ਦਤ ਤਕ ਨੂੰ ਮੁਲ ਖ਼ਰੀਦ ਲੀਤਾ ਤੇ ਉਸ ਤੋਂ ਬਹੁਤ ਕੁਝ ਕਰਾਇਆ ਪਰ ਬਨਿਆ ਕੁਝ ਨਾ ਤੇ ਆਖ਼ਰ ਸ਼ਰਮਿੰਦੇ ਹੋ ਕੇ ਜਾਂ ਤਾਂ ਬੁਧ ਦੇ ਝੰਡੇ ਹੇਠਾਂ ਆ ਗਏ ਜਾਂ ਫਿਰ ਰਸਤਾ ਛਡ ਕੇ ਲਾਂਭੇ ਹੋ ਗਏ । ਬੁਧ ਨਿਰ ਵਿਰੋਧ ਆਪਣੇ ਧਰਮ ਦਾ ਡੰਕਾ ਵਜਾਉਂਦੇ ਰਹੇ ਤੇ ਲੋਕਾਂ ਨੂੰ ਨਵੇਂ ਰਾਹ ਪਾਉਂਦੇ ਰਹੇ ।



Digitized by Panjab Digital Library | www.panjabdigilib.org

# ਧਰਮ ਕੀ ਹੈ ?

ਉਹ ਧਰਮ, ਉਹ ਰਾਹ, ਜਿਹੜਾ ਬੁਧ ਨੇ ਲੋਕਾਂ ਦੇ ਸਾਹਮਣੇ ਰਖਿਆ ਆਖਰ ਕੀ ਹੈ ? ਮੋਟੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਇਕ ਤਰ੍ਹਾਂ ਦਾ ਸੋਸ਼ਲਿਜ਼ਮ ਹੀ ਹੈ। ਭਾਵੇਂ ਉਸ ਦਾ ਆਧਾਰ ਆਰਥਕ ਨਹੀਂ, ਅਧਿਆਤਮਕ ਹੈ, ਇਹ ਅਸੀਂ ਮੰਨਦੇ ਹਾਂ, ਪਰ ਇਹ ਕੋਈ ਵਟੇ ਵਾਲੀ ਗਲ ਨਹੀਂ ਹੈ, ਵਕਤ ਦੀ ਗਲ ਹੈ। ਉਸ ਵਕਤ, ਵਕਤ ਹੀ ਅਜਿਹਾ ਸੀ ਤੇ ਸਮਾਜ ਵਿਚ ਚਲ ਰਿਹਾ ਸ਼ੋਸ਼ਨ ਖ਼ਤਮ ਹੀ ਇਵੇਂ ਹੋ ਸਕਦਾ ਸੀ, ਵਰਣਾ ਬੁਧ ਖੁਦ ਚਾਹੁੰਦੇ ਸਨ, ਆਰਥਕ ਨੁਕਤਾ ਨਿਗ੍ਹਾ ਨਾਲ ਵੀ ਸਮਾਜ ਵਿਚ ਸਮਾਜਵਾਦ ਕਾਇਮ ਕਰਨਾ। ਇਸ ਦਾ ਸਬੂਤ ਉਨ੍ਹਾਂ ਦਾ ਚਲਾਇਆ ਸੰਘ ਵਿਚ ਸਾਂਝੀਵਾਲਤਾ ਦਾ ਨੇਮ ਹੈ। ਜੋ ਵੀ ਹੋਵੇ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਬੁਧ ਦੁਨੀਆਂ ਵਿਚ ਪਹਿਲੇ ਤੇ ਆਪਣੇ ਜ਼ਮਾਨੇ ਦੇ ਇਕੋ ਹੀ ਇਕ ਸੋਸ਼ਲਿਸਟ ਹੋਏ ਹਨ। ਉਨ੍ਹਾਂ ਦੇ ਸੋਸ਼ਲਿਜ਼ਮ ਨੂੰ ਸਮਝਣ ਲਈ ਪਹਿਲੇ ਇਹ ਚਾਰ ਗਲਾਂ ਸਮਝ ਲੈਣੀਆਂ ਚਾਹੀਦੀਆਂ ਹਨ—

੧—ਰਬ ਦੀ ਕੋਈ ਲੋੜ ਨਹੀਂ

੨—ਆਤਮਾ ਅਨਿੱਤ ਹੈ।

੩—ਕੋਈ ਗ੍ਰੰਥ ਸ੍ਵਤ੍ਰਪ੍ਰਮਾਨ (ਇਲਹਾਮੀ) ਨਹੀਂ।

੪—ਜੀਵਨ-ਪ੍ਰਵਾਹ, ਇਹ ਸਰੀਰ ਤੋਂ ਪਹਿਲੇ ਵੀ ਸੀ ਤੇ ਬਾਦ ਵੀ ਰਹੂ। ਫਿਰ ਵੀ ਇਹ ਅਨਾਦੀ ਅਤੇ ਅਨੰਤ ਨਹੀਂ ਹੈ। ਇਸ ਤਾ ਅੰਤ ਹੋ ਸਕਦਾ ਹੈ।



Digitized by Panjab Digital Library | www.panjabdigilib.org

## ਚਾਰ ਸ੍ਰੇਸ਼ਟ ਸਚਾਈਆਂ

ਗਇਆ ਵਿਚ ਪਿਪਲ ਹੇਠਾਂ ਵਿਚਾਰਾਂ ਵਿਚ ਮਗਨ ਬੈਠਿਆਂ ਬੁਧ ਨੇ ਜੋ ਗਿਆਨ ਹਾਸਲ ਕੀਤਾ ਤੇ ਜਿਸ ਦੇ ਆਧਾਰ ਤੇ ਉਨ੍ਹਾਂ ਨੇ ਸਾਰੇ ਉਪਦੇਸ਼ਾਂ ਦੀ ਨੀਂਹ ਧਰੀ, ਉਸ ਨੂੰ ਆਖਦੇ ਹਨ,'ਚਾਰ ਆਰਯਸਸਤਯ' ਅਰਥਾਤ, ਚਾਰ ਸ੍ਰੇਸਟ ਸਚਾਈਆਂ। ਉਹ ਇਹ ਹਨ-

(੧) ਜੱਮਣਾ ਦੁਖ ਹੈ, ਮਰਨਾ ਦੁਖ ਹੈ, ਰੋਗ ਦੁਖ ਹੈ, ਬੁਢਾਪਾ ਦੁਖ ਹੈ, ਪਿਆਰੀ ਚੀਜ਼ ਦਾ ਵਿਛੜਨਾ ਦੁਖ ਹੈ, ਨਾ ਪਿਆਰੀ ਚੀਜ਼ ਦਾ ਮਿਲ ਜਾਣਾ ਦੁਖ ਹੈ।

(੨) ਤ੍ਰਿਸ਼ਨਾ ਤੋਂ ਹੀ ਦੁਖਾਂ ਦੀ ਉਤਪਤੀ ਹੁੰਦੀ ਹੈ।

(੩) ਤ੍ਰਿਸ਼ਨਾ ਦੇ ਨਾਸ਼ ਤੋਂ ਹੀ ਦੁਖਾਂ ਦਾ ਨਾਸ਼ ਹੁੰਦਾ ਹੈ।

(੪) ਇਹ ਦੁਖ ਨਿਵਿਰਤੀ ਦੇ ਅਠ ਉਪਾਓ ਹਨ-੧. ਠੀਕ ਦ੍ਰਿਸ਼ਟੀ ੨, ਠੀਕ ਸੰਕਲਪ ੩. ਠੀਕ ਬਾਣੀ, ੪. ਠੀਕ ਕਰਮ, ੫. ਠੀਕ ਜੀਵਨ, ੬. ਠੀਕ ਉਦਮ, ੭. ਠੀਕ ਯਾਦ-ਦਾਸ਼ਤ, ੩. ਠੀਕ ਸਮਾਧੀ।

## ਬੁਧ ਨੀਤੀ

ਪ੍ਰਾਣੀ ਮਾਤਰ ਦਾ ਹਿਤ ਚਾਹੁਣਾ ਤੇ ਕਲਿਆਣ ਕਰਨਾ ਇਹ ਬੁਧ-ਨੀਤੀ ਹੈ। ਇਸ ਬੁਧਨੀਤੀ ਦਾ ਆਧਾਰ ਹੈ, ਮਨ ਦੀ ਸੁਧਤਾ ਤੇ ਸਦਾਚਾਰੀ ਜੀਵਨ। ਜਿਹੜਾ ਆਪਣਾ ਮਨ



Digitized by Panjab Digital Library | www.panjabdigilib.org

ਆਪਣੇ ਵਸ ਵਿਚ ਨਹੀਂ ਕਰ ਸਕਦਾ, ਜਿਸ ਦਾ ਮਨ ਭਟਕਦਾ ਰਹਿੰਦਾ ਹੈ, ਉਹ ਨਾ ਧਿਆਨ ਕਰ ਸਕਦਾ ਹੈ ਨਾ ਧਰਮ। ਨਾ ਸੁਖ ਪਾ ਸਕਦਾ ਹੈ, ਨਾ ਸ਼ਾਂਤੀ।

ਮਨ ਉਤੇ ਕਾਬੂ ਪਾਇਆ ਜਾ ਸਕਦਾ ਹੈ, ਅਭਿਆਸ ਨਾਲ। ਅਭਿਆਸ ਕਰਨਾ ਚਾਹੀਦਾ ਹੈ, ਆਪਣੀਆਂ ਕਰਤੂਤਾਂ ਨੂੰ ਘਟਾਉਣ ਦਾ ਤੇ ਸੰਜਮੀ ਬਣਨ ਦਾ। ਜਦ ਕਰਤੂਤਾਂ ਘਟ ਗਈਆਂ, ਜੀਵਨ ਸਾਦਾ ਤੇ ਸੰਜਮੀ ਬਣ ਗਿਆ, ਮਨ ਆਪਣੇ ਆਪ ਕਾਬੂ ਵਿਚ ਆ ਗਿਆ। ਅਸ਼ਟਾਂਗ ਮਾਰਗ ਤੇ ਪੰਚ ਸ਼ੀਲ ਦੋ ਨੁਸਖੇ ਹਨ ਮਨ ਨੂੰ ਸਿਧੇ ਰਸਤੇ ਤੇ ਪਾਉਣ ਦੇ ਸਾਦਾ ਤੇ ਸੰਜਮੀ ਬਣਾਉਣ ਦੇ ਤੇ ਪਾਪਾਂ ਤੋਂ ਛੁਡਾਉਣ ਦੇ। ਅਸ਼ਟਾਂਗ ਮਾਰਗ ਉਪਰ ਆ ਗਿਆ ਹੈ, ਪੰਚਸ਼ੀਲ ਵਖਰਾ ਹੁੰਦਾ ਹੋਇਆ ਇਕ ਤਰ੍ਹਾਂ ਨਾਲ ਉਸ ਦੇ ਅੰਦਰ ਹੀ ਹੈ।

## ਬੁਧ-ਕਰਮ

ਬੁਧ ਧਰਮ ਵਿਚ ਕਰਮ ਦੀ ਫ਼ਿਲਾਸਫ਼ੀ ਵੀ ਬੜੀ ਡੂੰਘੀ ਤੇ ਵਖਰੇ ਹੀ ਕਿਸਮ ਦੀ ਹੈ। ਉਥੇ ਕਰਮ ਦੀ ਸਤਾ ਸਵੀਕਾਰ ਕਰ ਕੇ ਉਸ ਦਾ ਨਾਉਂ "ਗਿਰਹਕਾਰਕ" ਰਖਿਆ ਹੋਇਆ ਹੈ। ਗਿਰਹਕਾਰਕ ਹੀ ਜੀਵਾਂ ਦੇ ਜਨਮ-ਜਨਮਾਂਤਰ ਦਾ ਕਾਰਨ ਸਵਰੂਪ ਹੈ। ਉਸ ਦੀ ਪਰਸ਼ਿਣ ਭੂਮੀ ਹੈ ਪੂਰਬਲੇ ਕਰਮਾਂ ਦੀ ਵਾਸਨਾ, ਸੰਸਕਾਰ ਤੇ ਤਿਰਸ਼ਨਾ। ਜਦੋਂ ਮਨੁਖ ਨੂੰ ਨਿਰਮਲ ਬੋਧੀ ਦਵਾਰਾ ਉਹ ਗਿਰਹਕਾਰਕ ਪਰਤੱਖ ਹੋ ਜਾਂਦਾ ਹੈ ਤੇ ਸੰਸਕਾਰ ਅਤੇ ਤਿਰਸ਼ਨਾ ਦਾ ਨਾਸ਼ ਹੋ ਜਾਂਦਾ ਹੈ ਤਾਂ



Digitized by Panjab Digital Library | www.panjabdigilib.org

ਗਿਰਹਕਾਰਕ ਕਿਤੇ ਪੈਰ ਨਹੀਂ ਪਸਾਰ ਸਕਦਾ ਤੇ ਇਸ ਤਰਾਂ ਮਨੁਖ ਜਨਮ-ਮਰਣ ਤੋਂ ਛੁਟ ਜਾਂਦਾ ਹੈ।

## ਬੋਧ-ਸਾਂਧਨਾ

ਬੋਧ ਸਾਧਨਾ ਦਾ ਮਸਕਦ ਬੋਧ ਪਰਾਪਤੀ ਹੈ। ਬੋਧ ਪਰਾਪਤੀ ਲਈ ਪੂਜਾ ਪਾਠ ਜਾਪ ਜਗ ਜਾਂ ਤਪ ਤਪ ਮਰਣ ਦੀ ਲੋੜ ਨਹੀਂ ਹੈ। ਵਿਚਲਾ ਰਸਤਾ ਠੀਕ ਹੈ। ਨਾਂ ਤਾਂ ਸਰੀਰ ਨੂੰ ਬਹੁਤਾ ਕਸਿਆ ਹੀ ਜਾਏ ਤੇ ਨਾ ਹੀ ਬਹੁਤ ਢਿੱਲਾ ਹੀ ਰਖਿਆ ਜਾਏ। ਸਭ ਕੁਝ ਕੀਤਾ ਜਾਏ ਪਰ ਮਰ-ਯਾਦਾ ਦਾ, ਦੇਹ ਅਤੇ ਮਨ ਨੂੰ ਸ਼ੁਧ ਨਿਰਮਲ ਅਤੇ ਪਵਿਤਰ ਰਖਣ ਵਾਲਾ, ਕਰਮ ਵੀਰ ਅਤੇ ਧਰਮ ਵੀਰ ਬਣਾਉਣ ਵਾਲਾ। ਇਸ ਦੇ ਵਾਸਤੇ "ਦਸ਼ਸੀਲ" ਦਾ ਨੁਸਖਾ ਦਸਿਆ ਹੈ। ਉਸ ਨੂੰ "ਮਹਾ ਮੰਗਲ" ਵੀ ਕਹਿੰਦੇ ਹਨ।

## ਉਪਾਸਕ-ਧਰਮ

ਬੋਧ, ਸਾਧੂਆਂ ਅਤੇ ਸਾਧਾਰਣ ਗ੍ਰਿਹਸਥੀਆਂ ਵਿਚ ਕੋਈ ਬਾਹਲਾ ਭੇਦ ਨਹੀਂ ਮੰਨਦੇ, ਬਲਕਿ ਕਈ ਹਾਲਤਾਂ ਵਿਚ ਉਹ ਸਾਧੂ ਨਾਲੋਂ ਗ੍ਰਿਹਸਥੀ ਨੂੰ ਤਰਜੀਹ ਦੇਂਦੇ ਹਨ। ਉਹ ਕਹਿੰਦੇ ਹਨ–ਗ੍ਰਿਹਸਥੀਓ ! ਪ੍ਰਾਣੀ ਮਾਤਰ ਦਾ ਹਿਤ ਕਰੋ। ਕਿਸੇ ਤੋਂ ਘਿਰਣਾ ਜਾਂ ਨਫ਼ਰਤ ਨਾ ਕਰੋ। ਕਿਸੇ ਨੂੰ ਨਾ ਸਤਾਓ ਤੇ ਨਾ ਉਸਦੀ ਮਜ਼ਬੂਰੀ ਤੋਂ ਫ਼ਾਇਦਾ ਉਠਾਓ। ਇਹ



Digitized by Panjab Digital Library | www.panjabdigilib.org

ਜਗਤ ਜਲੰਦਾ ਠੰਢਾ ਠਾਰ ਹੋ ਸਕਦਾ ਹੈ, ਜੇ ਤੁਸੀਂ ਨੇ ਨਿਮ੍ਰ ਤੇ ਸੇਵਾਦਾਰ ਬਣੋ।"

## ਤ੍ਰਿਪਿਟਕ

ਇਹ ਬੁਧ ਦੇ ਉਸ ਗ੍ਰੰਥ ਦਾ ਨਾਓਂ ਹੈ, ਜਿਸ ਵਿਚ ਉਨ੍ਹਾਂ ਦੇ ਸਾਰੇ ਉਪਦੇਸ਼ ਇਕਠੇ ਕੀਤੇ ਹੋਏ ਹਨ। ਇਹ 'ਮਹਾਂ ਭਾਰਤ" ਗ੍ਰੰਥ ਤੋਂ ਕੋਈ ਤਿੰਨ ਗੁਣਾਂ ਵਡਾ ਹੈ। ਪਾਲੀ ਬੋਲੀ ਉਸ ਵੇਲੇ ਆਮ ਲੋਕਾਂ ਦੀ ਬੋਲੀ ਸੀ ਤੇ ਬੁਧ ਨੂੰ ਸਿਧੇ ਤੌਰ ਤੇ ਆਮ ਲੋਕਾਂ ਤਕ ਪਹੁੰਚਣਾ ਸੀ। ਇਸ ਵਾਸਤੇ ਉਨ੍ਹਾਂ ਇਸੇ ਨੂੰ ਅਪਨਾਇਆ। ਚਾਹੁੰਦੇ ਤਾਂ ਸੰਸਕ੍ਰਿਤ ਵਿਚ ਵੀ ਆਪਣੇ ਵਿਚਾਰ ਪ੍ਰਗਟ ਕਰ ਸਕਦੇ ਸਨ ਪਰ ਇਹ ਉਨ੍ਹਾਂ ਮੁਨਾਸਬ ਨਾ ਸਮਝਿਆ। ਇਹ ਸੀ ਆਮ ਲੋਕਾਂ ਨੂੰ ਕੁਝ ਲੋਕਾਂ ਦਾ ਮੁਹਤਾਜ਼ ਰਖਨਾ ਤੇ ਇਸ ਚੀਜ਼ ਉਤੇ ਵੀ ਮੁਹਰ ਲਗਾਉਣਾ ਕਿ ਪਵਿਤ੍ਰ ਖਿਆਲਾਂ ਲਈ ਪਵਿਤਰ ਬੋਲੀ ਹੀ ਚਾਹੀਦੀ ਹੈ ਤੇ ਉਹ ਸੰਸਕ੍ਰਿਤ ਬੋਲੀ ਹੈ। ਬੁਧ ਤਾਂ ਰੱਬ ਨੂੰ ਹੀ ਨਹੀਂ ਮੰਨਦੇ ਸਨ ਫਿਰ ਰੱਬ ਦੀ ਬੋਲੀ ਨੂੰ ਕਿਵੇਂ ਮੰਨਦੇ ? ਖ਼ੈਰ।

ਸਾਰਾ ਤ੍ਰਿਪਿਟਕ ਤਿੰਨਾਂ ਹਿਸਿਆਂ ਵਿਚ ਵੰਡਿਆ ਹੋਇਆ ਹੈ, ਸੁਤਪਿਟਕ, ਵਿਨੈਪਿਟਕ, ਅਭਿਧਮ ਪਿੱਟਕ।

ਸੁਤ ਪਿਟਕ ਵਿਚ ਪੰਜ ਅਧਿਆਇ ਹਨ, ਵਿਨੈ ਦੇ ਵੀ ਪੰਜ ਹਿਸੇ ਹਨ ਤੇ ਅਭਿਧਮ ਵੀ ਸੱਤਾਂ ਗ੍ਰੰਥਾਂ ਵਿਚ ਵੰਡਿਆਂ ਹੋਇਆ ਹੈ। ਤ੍ਰਿਪਿਟਕ ਉਤੇ ਟੀਕਾ ਵੀ ਹੈ ਤੇ ਹੋਰ ਬਹੁਤ ਕੁਝ ਹੈ। ਸੰਸਕ੍ਰਿਤ ਵੀ ਬੋਧ ਸਾਹਿਤ ਤੋਂ ਸਖਨਾ ਨਹੀਂ ਹੈ। ਉਸ



Digitized by Panjab Digital Library | www.panjabdigilib.org

ਵਿਚ ਵੀ ਕਾਫ਼ੀ ਕੁਝ ਹੈ।

ਜੋ ਕੁਝ ਵੀ ਹੈ, ਬਹੁਤ ਸਾਰਾ, ਬੜੀਆਂ ਮੁਸ਼ਕਲਾਂ ਮੁਸੀਬਤਾਂ ਤੇ ਕਠਨਾਈਆਂ ਨਾਲ ਪਹਿਲੇ ਹਿੰਦੁਸਤਾਨ ਚੋਂ ਬਚਾ ਕੇ ਬਾਹਰ ਕਢਿਆ ਹੋਇਆ ਤੇ ਫਿਰ ਢੂੰਡ ਢੂੰਡ ਕੇ ਲਭਿਆ ਹੋਇਆ ਹੀ ਇਸ ਵੇਲੇ ਸਾਡੇ ਦੇਸ਼ ਵਿਚ ਹੈ। ਜਾਂ ਬ੍ਰਾਹਮਣ ਧਰਮੀਆਂ ਦੇ ਗਰੰਥਾਂ ਵਿਚ ਖੰਡਨ ਲਈ ਕਿਤੇਂ ਕਿਤੋਂ ਇਕਤਰ ਕੀਤਾ ਹੋਇਆ ਹੈ। ਜਾਂ ਕਿਸੇ ਨਾ ਕਿਸੇ ਤਰ੍ਹਾਂ ਕਿਤੇ ਨਕਰਾਂ ਵਿਚ ਪਿਆ ਰਿਹਾ ਹੈ। ਬਾਹਰ ਹਾਲ ਮਿਲ ਰਿਹ ਹੈ, ਇਹ ਕੋਈ ਘਟ ਗਨੀਮਤ ਨਹੀਂ ਹੈ, ਉਮੀਦ ਕਰਨੀ ਚਾਹੀਦੀ ਹੈ, ਜਲਦੀ ਹੀ ਇਕ ਦਿਨ ਫਿਰ ਸਾਰਾ ਹਿੰਦੁਸਤਾਨ ਬੋਧ-ਸਾਹਿਤ ਨਾਲ ਭਰ ਹੋ ਜਾਊ।

## ਮਤਮਤਾਂਤਰ

ਦੁਨੀਆਂ ਦੇ ਹੋਰ ਧਰਮਾਂ ਜਾਂ ਮਜ਼ਹਬਾਂ ਦੀ ਤਰ੍ਹਾਂ ਬੋਧ ਧਰਮ ਯਾ ਬੋਧ ਮਜ਼ਹਬ ਵਿਚ ਵੀ ਇਸ ਵੇਲੇ ਕਈ ਫਿਰਕੇ ਮਤ ਮਤਾਂਤਰ ਜਾਂ ਸੰਪਰਦਾਇ ਹਨ। ਚੀਨ ਜਾਪਨ ਵਗੈਰਾ ਨੂੰ ਛਡ ਕੇ ਸਿਰਫ਼ ਹਿੰਦੁਸਤਾਨ ਵਿਚ ਹੀ ੧੮ ਜਾਂ ੨੦ ਬੋਧ ਸੰਪਰਦਾਇ ਹਨ। ਭਾਵੇਂ ਹਿੰਦੂ ਫ਼ਿਲਾਸਫਰਾਂ ਨੇ ਆਪਣੇ ਗ੍ਰੰਥਾਂ ਵਿਚ ਚੌਂਹ ਦਾ ਹੀ ਜ਼ਿਕਰ ਕੀਤਾ ਹੈ। ਉਹ ਇਹ ਹਨ—ਵੈਭਾਸਿਕ, ਸੌਤਾਂਤ੍ਰਿਕ, ਮਾਧਜਮਿਕ ਅਤੇ ਯੋਗਾਚਾਰ। ਪਹਿਲਿਆਂ ਦੋਂਹ ਦਾ ਸੰਬੰਧ ਹੀਨਯਾਨ ਸੰਪਰਦਾਇ ਨਾਲ ਹੈ ਤੇ ਦੂਸਰਿਆਂ ਦੋਂਹ ਦਾ "ਮਹਾਂਯਾਨ" ਸੰਪਰਦਾਇ ਨਾਲ।



Digitized by Panjab Digital Library | www.panjabdigilib.org

ਅਸਲ ਵਿਚ ਬੋਧ ਧਰਮ ਵਿਚ ਸੰਪਰਦਾਇ ਹੀ ਦੋ ਹਨ—ਹੀਨ ਯਾਨ ਤੇ ਮਹਾਯਾਨ । ਬਾਕੀ ਤਾਂ ਸਭ ਇਨ੍ਹਾਂ ਦੀਆਂ ਸ਼ਾਖ ਪ੍ਰਸ਼ਾਖਾ ਹੀ ਕਹੇ ਜਾ ਸਕਦੇ ਹਨ ।

'ਹੀਨ ਯਾਨ' ਦਾ ਮਤਲਬ ਹੈ, ਤੰਗ ਰਸਤਾ ਤੇ 'ਮਹਾਂ ਯਾਨ' ਦਾ ਮਤਲਬ ਹੈ, ਖੁਲਾ ਰਸਤਾ । ਦੋਵੇਂ ਆਪੋ ਆਪਣੇ ਗੁਣ ਰਖਦੇ ਹਨ ਤੇ ਲੋਕਾਂ ਲਈ ਕਲਿਆਣ ਕਾਰੀ ਹਨ । ਹੀਨ ਯਾਨ ਵਾਲੇ ਬੁਧ ਨੂੰ ਰਬ ਨਹੀਂ ਮੰਨਦੇ, ਰਹਿਬਰ ਮੰਨਦੇ ਹਨ ਤੇ ਮਹਾ ਯਾਨ ਵਾਲੇ ਰਬ ਮੰਨਦੇ ਹਨ ਤੇ ਹਿੰਦੂਆਂ ਦੀ ਤਰ੍ਹਾਂ ਰਬ ਨੂੰ ਜਨਮ ਮਰਣ ਵਿਚ ਲਿਆਉਂਦੇ ਤੇ ਪੂਜਾ ਪਾਠ ਤੇ ਵਿਸ਼ਵਾਸ ਕਰਦੇ ਹਨ । ਕਈ ਦੇਵੀ ਦੇਵਤੇ ਵੀ ਉਨ੍ਹਾਂ ਮਿਥ ਛਡੇ ਹਨ ਤੇ ਉਨ੍ਹਾਂ ਦੀ ਪੂਜਾ ਕਰਦੇ ਹਨ । ਹੋਰ ਵੀ ਬਹੁਤ ਕੁਝ ।

ਬੁਧ ਦੇ ਪੈਰੋਕਾਰ ਦੋ ਤਰ੍ਹਾਂ ਦੇ ਹੁੰਦੇ ਹਨ—ਇਕ ਗ੍ਰਿਹਸਥ ਤੇ ਦੂਸਰੇ ਸੰਨਿਆਸੀ । ਸੰਨਿਆਸੀਆਂ ਨੂੰ ਬੋਧਧਰਮ ਵਿਚ ਭਿਖੂ ਕਹੀਦਾ ਹੈ। ਕਾਸ਼ੀ ਵਿਚ ਜਦੋਂ ਬੁਧ ਪਾਸ ਕਾਫ਼ੀ ਭਿਖੂ ਹੋ ਗਏ ਤਾਂ ਉਨ੍ਹਾਂ, ਉਨ੍ਹਾਂ ਲਈ ਇਕ ਸੰਸਥਾਂ ਬਣਾ ਦਿਤੀ ਤੇ ਨਾਓ ਰਖਿਆ "ਸੰਘ" । ਸੰਘ, ਪਹਿਲੇ ਪਹਿਲ ਮਰਦਾ ਲਈ ਹੀ ਬਣਿਆ ਪਰ ਫਿਰ ਅਗ੍ਹਾਂ ਚਲ ਕੇ ਔਰਤਾ ਲਈ ਵੀ ਬਣਾ ਦਿਤਾ ਗਿਆ । ਇਹ ਬਨਾਇਆ ਬੁਧ ਨੇ, "ਆਨੰਦ" ਦਵਾਰਾ ਆਪਣੀ ਮਾਤਾ ਮਹਾ ਪਰਜਾਵਤੀ ਦੇ ਕਹਿਣ ਉਤੇ । ਇਸ ਵਿਚ ੫੦੦ ਇਸਤਰੀਆਂ ਸਮੇਤ ਪਹਿਲੇ ਪਹਿਲ ਉਹੋ ਸ਼ਾਮਲ ਹੋਈ ।

ਸੰਘ ਦੇ ਨੇਮ ਬੜੇ ਕਠੋਰ ਸਨ । ਪੁਰਸ਼ਾਂ ਨਾਲੋਂ ਇਸ-ਤਰੀਆਂ ਦੇ ਹੋਰ ਵੀ ਜ਼ਿਆਦਾ ।



Digitized by Panjab Digital Library | www.panjabdigilib.org

ਸੰਘ ਵਿਚ ਕਿਸੇ ਨੂੰ ਸ਼ਾਮਲ ਕਰਣ ਤੋਂ ਪਹਿਲੇ ਚੰਗੀ ਤਰ੍ਹਾਂ ਠੋਕ ਵਜਾ ਲੀਤਾ ਜਾਂਦਾ ਸੀ। ਨਾਬਾਲਗਾਂ ਲਈ ਕੋਈ ਜਗ੍ਹਾਂ ਨਹੀਂ ਸੀ। ਬਾਲਗ ੧੫ ਵਰ੍ਹਿਆਂ ਦਾ ਸਮਝਿਆ ਜਾਂਦਾ ਸੀ। ਹਰ ਇਕ ਨੂੰ ਪਹਿਲੇ ਆਰਜ਼ੀ ਤੌਰ ਤੇ ਭਰਤੀ ਕਰਦੇ ਸਨ। ਜਦੋਂ ਦੇਖ ਲੀਤਾ ਜਾਂਦਾ ਸੀ ਕਿ ਇਸ ਦਾ ਆਚਰਨ ਪੱਕਾ ਹੈ ਇਰਾਦਾ ਪੱਕਾ ਹੈ ਤੇ ਨੇਮ ਇਹ ਪਾਲ ਸਕਦਾ ਹੈ ਤਾਂ ਪੱਕਾ ਕਰ ਲੈਂਦੇ ਸਨ। ਫਿਰ ਵੀ ਜੇ ਕਿਸੇ ਦਾ ਮਨ ਡੋਲ ਜਾਏ ਤਾਂ ਖੁਸ਼ੀ ਨਾਲ ਗ੍ਰਿਹਸਥ ਆਸ਼੍ਰਮ ਵਿਚ ਚਲਾ ਜਾ ਸਕਦਾ ਸੀ, ਬਲਕਿ ਭੇਜਾ ਦਿਤਾ ਜਾਂਦਾ ਸੀ। ਟੈਂਪਰੇਰੀ ਤੌਰ ਤੇ ਵੀ ਕੋਈ ਚਾਹੇ ਤਾਂ ਭਿਖੂ ਬਣ ਸਕਦਾ ਸੀ ਤੇ ਮੁੜ ਗ੍ਰਿਹਸਥ ਆਸ਼੍ਰਮ ਵਿਚ ਜਾ ਸਕਦਾ ਸੀ। ਸਮਾਜ ਕੋਈ ਬੁਰਾ ਨਹੀਂ ਮਨਾਉਂਦਾ ਸੀ ਬਲਕਿ ਖੁਸ਼ ਹੁੰਦਾ ਸੀ ਕਿ ਇਹ ਸਾਧੂ ਸੰਗ ਕਰ ਕੇ ਚੰਗਾ ਸਿਆਣਾ ਹੋ ਆਇਆ ਹੈ। ਮਹਾਰਾਜਾ ਅਸ਼ੋਕ ਨੇ ਏਦਾਂ ਹੀ ਕੀਤਾ ਸੀ। ਉਹ ਟੈਂਪਰੇਰੀ ਤੌਰ ਤੇ ਹੀ ਭਿਖੂ ਹੋਏ ਸਨ ਤੇ ਮੁੜ ਆਪਣੇ ਆਸ਼੍ਰਮ ਵਿਚ ਆ ਗਏ ਸਨ।

ਅਜ ਸੰਘ ਕਿਸ ਹਾਲਤ ਵਿਚ ਹੈ, ਭਿਖੂ ਕੀ ਕਰਦੇ ਹਨ, ਕਹਿਣ ਦੀ ਲੋੜ ਨਹੀਂ:

ਸਚੀ ਗਲ ਤਾਂ ਇਹ ਹੈ ਕਿ ਭਿਖੂਆਂ ਦੀ ਬਦੌਲਤ ਹੀ ਉਨ੍ਹਾਂ ਦੀ ਪੰਡਤਾਈ, ਚਤੁਰਾਈ, ਮੇਹਨਤ ਮੁਕੱਬਤ, ਤੇ ਤਿਆਗ ਤਪਸਿਆਂ ਦਾ ਸਦਕਾ ਹੀ ਬੁਧ ਧਰਮ ਦੇਸ਼ ਦੇਸਾਂਤਰਾਂ ਵਿਚ ਫੈਲਿਆ ਤੇ ਅਰੂਜ ਤੇ ਚੜ੍ਹਿਆ ਤੇ ਸਮਾਂ ਪਾ ਕੇ ਸੈਂਕੜੇ ਸਾਲਾਂ ਦਾ ਸਮਾਂ ਪਾ ਕੇ ਉਨ੍ਹਾਂ ਵਿਚੋਂ ਹੀ ਬਹੁਤਿਆਂ ਦੇ ਅੰਦਰ ਆਰਾਮ ਤਲਬੀ ਐਸ਼ਪ੍ਰਸਤੀ ਤੇ ਹੋਰ ਤਰ੍ਹਾਂ ਤਰ੍ਹਾਂ



Digitized by Panjab Digital Library | www.panjabdigilib.org

ਵੇਦੂਰਰਗੂਣ ਆ ਜਾਣ ਕਰ ਕੇ ਹਿੰਦੁਸਤਾਨ ਵਿਚ ਵਿਰੋਧੀਆਂ ਦੀ ਚੜ੍ਹ ਮਚੀ ਤੇ ਉਨ੍ਹਾਂ ਸੰਸਾਰ ਭਰ ਦੇ ਬੋਧਾਂ ਨੂੰ ਬਦਨਾਮ ਕਰ ਕੇ ਹਿੰਦੁਸਤਾਨ ਦੇ ਬੋਧਾਂ ਨੂੰ ਖੂਬ ਸਤਾਇਆ ਤੇ ਹਿੰਦੁਸਤਾਨ ਚੋਂ ਇਕ ਤਰ੍ਹਾਂ ਨਾਲ ਕਢ ਕੇ ਛਡਿਆ। ਕਾਂਸ਼ੀ ਦੇ ਪ੍ਰਸ਼ਿਧ ਵਿਦ-ਵਾਨ ਡਾਕਟਰ ਭਗਵਾਨ ਦਾਸ ਆਪਣੀ ਇਕ ਪੁਸਤਕ "ਸ਼ਾਸਤਰਵਾਦ, ਬਨਾਮ ਬੁਧੀਵਾਦ" ਵਿਚ ਇਕ ਜਗ੍ਹਾ ਲਿਖਦੇ ਹਨ—ਬੋਧ ਧਰਮ ਸ਼ੰਕਰ ਦੇ ਸ਼ਾਸਤਰ ਬਲ ਨਾਲ ਇਤਨਾ ਨਹੀਂ ਪ੍ਰਾਸਤ ਹੋਇਆ ਜਿਤਨਾਂ ਸਧਨਵਾਂਦੇ ਸ਼ਸਤਰ ਬਲ ਨਾਲ।

ਸੁਧਨਵਾਂ ਇਕ ਰਾਜਾ ਸੀ ਤੇ ਉਹ ਕੁਮਾਰਲ ਭਟ ਦੇ ਹਥੇ ਚੜ੍ਹਿਆ ਹੋਇਆ ਸੀ ਜਿਸ ਨੇ ਉਸ ਪਾਸੋਂ ਬੋਧਾਂ ਤੇ ਬੜੇ ਜ਼ੁਲਮ ਕਰਵਾਏ।

ਕੋਈ ਹੋਵੇ ਅਜ ਦੇ ਭਿਖੂ ਨਾ ਪਹਿਲੇ ਭਿਖੂਆਂ ਵਰਗੇ ਹਨ, ਨਾ ਬਾਦ ਦੇ ਭਿਖੂਆਂ ਵਰਗੇ, ਇਹ ਆਮ ਤੌਰ ਪੁਰ ਓਹੋ ਜਿਹੇ ਹੀ ਹਨ, ਜਿਹੋ ਜਿਹੇ ਅਜ ਕਲ ਦੇ ਭਿਖੂ ਹੋ ਸਕਦੇ ਹਨ ਜਾਂ ਦੂਜੇ ਧਰਮ ਯਾ ਮਜ਼ਹਬਾਂ ਦੇ ਸਾਧੂ ਸੰਨਿਆਸੀ ਸੰਤ-ਮਹੰਤ ਯਾ ਪੀਰ ਫ਼ਕੀਰ ਹਨ, ਇਸ ਵਾਸਤੇ ਇਹਨਾਂ ਤੇ ਨੁਕਤਾ ਚੀਨੀ ਕਾਹਦੀ? ਜੋ ਹੈ ਸੋ ਠੀਕ ਹੈ।

ਅੰਤ ਵਿਚ ਇਕ ਗਲ ਹੋਰ। ਉਹ ਇਹ ਕਿ ਦੁਨੀਆਂ ਵਿਚ ਜਿਨਾ ਬੋਧਧਰਮ ਅਸਲੀ ਬੋਧਧਰਮ—ਮਾਰਕਸਿਜ਼ਮ ਦੇ ਜਾਂ ਸੋਸ਼ਲਿਜ਼ਮ ਦੇ ਨਜ਼-ਦੀਕ ਹੈ, ਹੋਰ ਕੋਈ ਧਰਮ ਜਾਂ ਮਜ਼ਹਬ ਨਹੀਂ ਹੈ। ਭਾਰਤ ਸਰਕਾਰ ਨੇ ਵੀ ਚੰਗੀ ਤਰ੍ਹਾਂ ਸਮਝ ਕੇ ਹੀ ਬੁਧ ਦੀ ਸ਼ਰਣ



Digitized by Panjab Digital Library | www.panjabdigilib.org

ਲੀਤੀ ਹੈ । ਬੁਧ ਦੇ ਯਾਦਗਾਰ ਮੁਨਾਰੇ ਨੂੰ ਸਰਕਾਰੀ ਮੁਹਰ ਮਨਜ਼ੂਰ ਕੀਤਾ ਹੈ ਤੇ ਉਸ ਦੇ ਧਰਮਚਕਰ ਨੂੰ ਆਪਣੇ ਝੰਡੇ ਤੇ ਜਗ੍ਹਾ ਦਿਤੀ ਹੈ । ਇਸ ਵਾਸਤੇ ਅਸੀਂ ਵੀ ਉਸੇ ਦੀ ਸਰਨ ਜਾਂਦੇ ਹੋਏ ਕਹਿੰਦੇ ਹਾਂ–

ਬੁਧੰ ਸਰੰਨ ਗੱਛਾਮੀ
ਧੰਮੰ ਸਰਨ ਗੱਛਾਮੀ
ਸੰਘੰ ਸਰੰਨ ਗੱਛਾਮੀ

----



Digitized by Panjab Digital Library | www.panjabdigilib.org

# ਬੁੱਧ ਬਾਣੀ

## ਬੁਧ-ਬਾਣੀ

(*ਧਮੱਪਦ ਵਿਚੋਂ)

(੧) ਮੈਨੂੰ ਗਾਲ੍ਹਾਂ ਕਢੀਆਂ, ਮੈਨੂੰ ਮਾਰਿਆ, ਮੈਨੂੰ ਹਰਾ-ਇਆ, ਮੈਨੂੰ ਲੁਟ ਲੀਤਾ, ਜਿਹੜੇ ਅਜਿਹੀਆਂ ਗਲਾਂ ਸੋਚਦੇ ਰਹਿੰਦੇ ਹਨ, ਉਨ੍ਹਾਂ ਦਾ ਵੈਰਭਾਵ ਕਦੇ ਨਹੀਂ ਮਿਟਦਾ ਤੇ ਜਿਹੜੇ ਨਹੀਂ ਸੋਚਦੇ, ਉਨ੍ਹਾਂ ਦਾ ਮਿਟ ਜਾਂਦਾ ਹੈ।

(੨) ਵੈਰ, ਵੈਰ ਨਾਲ ਕਦੇ ਨਹੀਂ ਮਿਟਦਾ, ਅਵੈਰ ਨਾਲ ਹੀ ਮਿਟਦਾ ਹੈ ਇਹ ਦੁਨੀਆਂ ਦਾ ਕਦੀਮੀ ਕਾਇਦਾ ਹੈ।

(੩) ਜੋ ਵਿਸ਼ੇ ਭੋਗ ਦੇ ਜੀਵਨ ਵਿਚ ਲੀਨ ਹੈ, ਜਿਸ ਦੇ ਇੰਦ੍ਰੇ ਉਸ ਦੇ ਕਾਬੂ ਵਿਚ ਨਹੀਂ ਹਨ, ਜਿਸ ਨੂੰ ਖਾਣ ਪਾਣ ਦਾ

---

੧. *"ਧਮੱਪਦ, ਬੋਧਾਂ ਦੀ ਗੀਤਾ ਹੈ, ਜਾਂ ਜਪੁਜੀ ਸਾਹਿਬ ਹੈ।



Digitized by Panjab Digital Library / www.panjabdigilib.org

ਖ਼ਿਆਲ ਨਹੀਂ ਹੈ, ਜੋ ਆਲਸੀ ਹੈ, ਜੋ ਉਦਮ ਰਹਿਤ ਹੈ, ਉਸ ਨੂੰ ਕਾਮ ਦੇਵ ਇਵੇਂ ਹੀ ਗਿਰਾ ਦਿੰਦਾ ਹੈ, ਜਿਵੇਂ ਹਵਾ ਕਮਜ਼ੋਰ ਦਰਖਤ ਨੂੰ, ਤੇ ਜੋ ਇਨ੍ਹਾਂ ਚੀਜ਼ਾਂ ਦਾ ਧਿਆਨ ਰਖਦਾ ਹੈ, ਕਾਮ ਦੇਵ ਉਸ ਨੂੰ ਇਸੇ ਤਰ੍ਹਾਂ ਨਹੀਂ ਹਿਲਾ ਸਕਦਾ, ਜਿਸ ਤਰ੍ਹਾਂ ਕਿ ਹਵਾ ਪਹਾੜ ਨੂੰ ਨਹੀਂ ਹਿਲਾ ਸਕਦੀ।

(੪) ਧਰਮ ਗ੍ਰੰਥਾਂ ਦਾ ਚਾਹੇ ਜਿਤਨਾ ਪਾਠ ਕੀਤਾ ਜਾਏ, ਪਰ ਜੇਕਰ ਉਨ੍ਹਾਂ ਤੇ ਅਮਲ ਨਹੀਂ ਕੀਤਾ ਜਾਂਦਾ ਤਾਂ ਦੂਸਰੇ ਦੀਆਂ ਗਊਆਂ ਗਿਣਨ ਵਾਲੇ ਗੁਜਰ ਦੀ ਤਰ੍ਹਾਂ ਉਚਤਾ ਨੂੰ ਪ੍ਰਾਪਤ ਨਹੀਂ ਕਰ ਸਕਦਾ।

(੫) ਉਦਮੀ, ਹੋਸ਼ਿਆਰ, ਪਵਿਤਰ ਕਰਮ ਕਰਨ ਵਾਲੇ ਸੋਚ ਸਮਝ ਕੇ ਕਦਮ ਧਰਨ ਵਾਲੇ, ਸੰਜਮੀ ਧਰਮ ਅਨੁਸਾਰ ਜੀਵਨ ਚਲਾਉਣ ਵਾਲੇ ਤੇ ਸਾਵਧਾਨ ਮਨੁਖ ਦੇ ਜਸ ਵਿਚ ਵਾਧਾ ਹੁੰਦਾ ਰਹਿੰਦਾ ਹੈ।

(੬) ਪਾਣੀ 'ਚੋਂ ਕਢ ਕੇ ਖ਼ੁਸਕੀ ਵਿਚ ਸੁਟੀ ਹੋਈ ਮਛੀ ਜਿਵੇਂ ਤੜਫਦੀ ਹੈ, ਉਸੇ ਤਰ੍ਹਾਂ ਚਿੱਤ ਵਿਸ਼ੇ ਵਿਕਾਰਾਂ 'ਚੋਂ ਨਿਕਲੱਣ ਨੂੰ ਤੜਫਦਾ ਹੈ।

(੭) ਮੁਸ਼ਕਲ ਨਾਲ ਕਾਬੂ ਕੀਤੇ ਜਾ ਸਕਣ ਵਾਲੇ, ਤੇ ਤੇਜ਼ ਰਫ਼ਤਾਰੀ ਜਿਥੇ ਚਾਹੇ ਚਲੇ ਜਾਣ ਵਾਲੇ ਚਿੱਤ ਨੂੰ ਤਾੜ ਕੇ ਰਖਨਾ ਹੀ ਠੀਕ ਹੈ। ਸੰਭਾਲ ਕੇ ਰਖਿਆ ਹੋਇਆ ਚਿੱਤ ਸੁਖ ਦਿੰਦਾ ਦੇ।

(੮) ਜਿਸ ਦਾ ਦਿਲ ਟਿਕਾਣੇ ਨਹੀਂ, ਜੋ ਸਚੇ ਧਰਮ ਨੂੰ ਜਾਣਦਾ ਨਹੀਂ ਤੇ ਜਿਸ ਦਾ ਚਿੱਤ ਪ੍ਰਸੰਨ ਨਹੀਂ, ਉਹ ਕਦੇ



Digitized by Panjab Digital Library | www.panjabdigilib.org

ਗਿਆਨਵਾਨ ਨਹੀਂ ਹੋ ਸਕਦਾ।

(੯) ਵੈਰੀ ਵੈਰੀ ਦਾ ਜਿਤਨਾ ਨੁਕਸਾਨ ਕਰਦਾ ਹੈ, ਖੋਟੇ ਪਾਸੇ ਗਿਆ ਹੋਇਆ ਚਿੱਤ ਮਨੁਖ ਦਾ ਉਸ ਨਾਲੋਂ ਕਿਤੇ ਜ਼ਿਆਦਾ ਨੁਕਸਾਨ ਕਰਦਾ ਹੈ।

(੧੦) ਨਾ ਬਾਪ ਨਾ ਦੂਸਰੇ ਰਿਸ਼ਤੇਦਾਰ ਆਦਮੀ ਦੀ ਉਤਨੀ ਭੁਲਾਈ ਕਰ ਸਕਦੇ ਹਨ, ਜਿਤਨੀ ਕਿ ਨੇਕ ਰਸਤੇ ਪਿਆ ਹੋਇਆ ਚਿੱਤ ਉਸ ਦੀ ਭੁਲਾਈ ਕਰ ਸਕਦਾ ਹੈ।

(੧੧) ਜਿਸ ਤਰ੍ਹਾਂ ਸੋਹਣੇ ਰੰਗ ਵਾਲਾ ਖੁਸ਼ਬੂ ਰਹਿਤ ਫੁਲ ਹੁੰਦਾ ਹੈ ਉਸੇ ਤਰ੍ਹਾਂ ਕਹਿਣੀ ਕਥਣੀ ਵਿਚ ਫਰਕ ਰਖਣ ਵਾਲੇ ਮਨੁਖ ਦੀ ਸੁੰਦਰ ਬਾਣੀ ਨਿਸ਼ਫਲ ਹੁੰਦੀ ਹੈ।

(੧੨) ਜਿਸ ਤਰ੍ਹਾਂ ਕੋਈ ਫੁਲਾਂ ਦੇ ਢੇਰ ਵਿਚੋਂ ਬਹੁਤ ਸਾਰੀਆਂ ਮਾਲਾ ਗੁੰਦ ਲਵੇ, ਉਸੇ ਤਰ੍ਹਾਂ ਸ਼ੰਸਾਰ ਵਿਚ ਪੈਦਾ ਹੋਇਆ ਪ੍ਰਾਣੀ ਵੀ ਬਹੁਤ ਸਾਰੇ ਨੇਕ ਕੰਮ ਕਰੇ।

(੧੩) ਚੰਦਨ, ਤਗਰ (ਇਕ ਤਰ੍ਹਾਂ ਦਾ ਖਾਸ ਫੂਲ) ਕਮਲ ਜਾਂ ਜੂਹੀ (ਫੁਲ) ਇਨ੍ਹਾਂ ਸਾਰਿਆਂ ਦੀ ਖੁਸ਼ਬੂ ਤੋਂ ਵਧ ਕੇ ਖੁਸ਼ਬੂ ਸਦਾਚਾਰ ਦੀ ਹੈ।

(੧੪) ਸਦਾਚਾਰੀਆਂ ਦੇ, ਆਲਸ ਛਡ ਕੇ ਕੰਮ ਕਰਨ ਵਾਲਿਆਂ ਦੇ ਤੇ ਗਿਆਨ ਦਵਾਰਾ ਪੂਰੀ ਤਰ੍ਹਾਂ ਮੁਕਤ ਹੋਇਆਂ ਦੇ ਰਸਤੇ ਨੂੰ ਵਿਸ਼ੇ ਵਿਕਾਰ ਨਹੀਂ ਰੋਕ ਸਕਦੇ, ਨਹੀਂ ਖ਼ਰਾਬ ਕਰ ਸਕਦੇ।

(੧੫) ਜਿਸ ਤਰ੍ਹਾਂ ਜਾਗਦੇ ਰਹਿਣ ਵਾਲੇ ਦੀ ਰਾਤ ਲੰਮੀ ਹੋ ਜਾਂਦੀ ਹੈ, ਥਕੇ ਹੋਏ ਦਾ ਪੈਂਡਾ ਲੰਮਾ ਹੋ ਜਾਂਦਾ ਹੈ,



Digitized by Panjab Digital Library | www.panjabdigilib.org

ਇਸੇ ਤਰ੍ਹਾਂ ਸਚਾ ਧਰਮ ਕੀ ਹੈ, ਨਾ ਜਾਣਨ ਵਾਲੇ ਮੂਰਖ ਆਦਮੀ ਦਾ ਸੰਸਾਰ (ਆਵਾ ਗਮਨ) ਲੰਮਾ ਹੋ ਜਾਂਦਾ ਹੈ।

(੧੬) ਜੇਕਰ ਮੂਰਖ ਆਦਮੀ ਆਪਣੇ ਆਪ ਨੂੰ ਮੂਰਖ ਸਮਝੇ ਤਾਂ ਉਤਨੇ ਅੰਸ਼ਾ ਵਿਚ ਉਹ ਆਦਮੀ ਬੁਧੀਮਾਨ ਹੈ। ਅਸਲੀ ਮੂਰਖ ਤਾਂ ਉਹ ਹੈ ਜੋ ਮੂਰਖ ਹੁੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਬੁਧੀਮਾਨ ਸਮਝਦਾ ਹੈ।

(੧੭) ਮੂਰਖ ਆਦਮੀ ਭਾਵੇਂ ਜਨਮ ਭਰ ਪੜ੍ਹਿਆਂ ਲਿਖਿਆਂ ਦੀ ਸੁਹਬਤ ਵਿਚ ਰਹੇ, ਸਚੇ ਧਰਮ ਨੂੰ ਨਹੀਂ ਜਾਣ ਸਕਦਾ, ਜਿਵੇਂ ਕੜਛੀ ਦਾਲ ਦੇ ਸਵਾਦ ਨੂੰ ਨਹੀਂ ਜਾਣ ਸਕਦੀ ।

(੧੮) ਉਹ ਕੰਮ ਕਰਨਾ ਚੰਗਾ ਨਹੀਂ, ਜੋ ਕਰ ਕੇ ਪਿਛੋਂ ਪਛਤਾਣਾ ਪਵੇ ਤੇ ਜਿਸ ਦੇ ਫਲ ਨੂੰ ਰੋਂਦਿਆਂ ਹੋਇਆਂ ਭੋਗਨਾ ਪਵੇ। ਬਲਕਿ ਕਰਨਾ ਉਹ ਚਾਹੀਦਾ ਹੈ, ਜਿਸ ਦੇ ਪਿਛੋਂ ਪਛਤਾਣਾ ਨਾ ਪਵੇ ਤੇ ਜਿਸ ਦਾ ਫਲ ਖੁਸ਼ ਦਿਲੀ ਨਾਲ ਭੁਗਤਨਾ ਪਵੇ।

(੧੯) ਜਦ ਤਕ ਪਾਪ ਕਰਮ ਫਲ ਨਹੀਂ ਦਿੰਦਾ ਤਦ ਤਕ ਮੂਰਖ ਆਦਮੀ ਉਸ ਨੂੰ ਸ਼ਹਿਦ ਵਰਗਾ ਮਿੱਠਾ ਸਮਝਦਾ ਹੈ, ਪਰ ਜਦੋਂ ਉਹ ਫਲ ਦੇ ਦਿੰਦਾ ਹੈ, ਤਾਂ ਰੋ ਰੋ ਕੇ ਦਿਨ ਕਟਦਾ ਹੈ ।

(੨੦) ਜਿਹੜਾ ਆਦਮੀ ਆਪਣੇ ਦੋਸ਼ ਦਸਣ ਵਾਲੇ ਨੂੰ ਦਬੇ ਹੋਏ ਧਨ ਦਸਣ ਵਾਲੇ ਦੀ ਤਰ੍ਹਾਂ ਨੇਕ ਸਮਝਦਾ ਹੈ, ਜੋ ਸੰਜਮ ਦਾ ਹਾਮੀ, ਬੁਧੀਮਾਨ ਤੇ ਪੰਡਤਾਂ ਦੀ ਸੰਗਤ



Digitized by Panjab Digital Library | www.panjabdigilib.org

ਕਰਦਾ ਹੈ, ਉਸ ਦਾ ਸਦਾ ਭਲਾ ਹੀ ਹੁੰਦਾ ਹੈ, ਬੁਰਾ ਕਦੇ ਨਹੀਂ ।

(੨੧) ਜਿਸ ਤਰ੍ਹਾਂ ਪਹਾੜ ਹਵਾ ਨਾਲ ਨਹੀਂ ਹਿਲਦਾ ਉਸੇ ਤਰ੍ਹਾਂ ਵਿਦਵਾਨ ਆਦਮੀ ਨਿੰਦਿਆ ਜਾਂ ਉਸਤਤੀ ਤੋਂ ਨਹੀਂ ਪ੍ਰਭਾਵਤ ਹੁੰਦਾ

(੨੨) ਜੋ ਅੰਧ ਸ਼ਰਧਾ ਤੋਂ ਪਰੇ ਹੈ, ਜਿਸ ਨੇ ਮੁਕਤੀ ਨੂੰ ਜਾਣ ਲੀਤਾ ਹੈ, ਬੰਧਨ ਕਟ ਲੀਤੇ ਹਨ, ਜਿਸ ਦੇ ਦੁਬਾਰਾ ਜਮਨ ਦੀ ਗੁੰਜ਼ਾਇਸ਼ ਨਸੀਂ, ਜਿਸ ਨੇ ਆਸ਼ਾ ਤ੍ਰਿਸ਼ਨਾ ਨੂੰ ਤਿਆਗ ਦਿਤਾ ਹੈ, ਉਹੀ ਉਤਮ ਪੁਰਖ ਹੈ ।

(੨੩) ਇਕ ਆਦਮੀ ਜੰਗ ਵਿਚ ਲਖਾਂ ਆਦਮੀਅ, ਨੂੰ ਜਿੱਤ ਲਵੇ ਤੇ ਦੂਸਰਾ ਕੇਵਲ ਆਪਣੇ ਆਪ ਨੂੰ ਜਿਤ ਲਵੇ ਪਹਿਲੇ ਨਾਲੋਂ ਬਹਾਦੁਰ ਹੈ, ਸਚਾ ਜੇਤੂ ਹੈ ।

(੨੪) ਬੁਰੇ ਚਾਲ ਚਲਣ ਵਾਲੇ ਤੇ ਚਿੱਤ ਦੀ ਏਕਾਗ੍ਰਤਾ ਤੋਂ ਰਹਿਤ ਆਦਮੀ ਦੇ ਸੌ ਸਾਲ ਤਕ ਜਿਊਂਦੇ ਰਹਿਣ ਨਾਲੋਂ ਸਦਾਚਾਰੀ ਤੇ ਸਮਝਦਾਰ ਆਦਮੀ ਦਾ ਇਕ ਦਿਨ ਭਰਦਾ ਜਿਊਂਦੇ ਹਹਿਣਾ ਵੀ ਚੰਗਾ ਹੈ । (ਤੇ ਜੇ ਉਹ ਢੇਰ ਸਾਰਾ ਚਿਰ ਜਿਊਂਦਾ ਰਹੇ ਤਾਂ ਕਹਿਣਾ ਹੀ ਕੀ ਹੈ)

ਇਸੇ ਤਰ੍ਹਾਂ ਆਲਸੀ ਦਾ ਨਿਰ ਉਦਮੀ ਦਾ ਤੇ ਹੋਰ ਹੋਰ ਔਗਣਾਂ ਵਾਲੇ ਦਾ ਵੀ ਜਿਊਣਾ ਧਿੱਕਾਰ ਹੈ ।

(੨੫) ਥੋੜੇ ਕਾਫ਼ਿਲੇ ਤੇ ਬਹੁਤਸਾਰੇ ਧਨ ਵਾਲਾ ਸੌਦਾਗਰ ਜਿਵੇਂ ਡਰਵਾਲੇ ਰਸਤੇ ਨੂੰ ਛਡ ਦਿੰਦਾ ਹੈ ਜਾਂ ਜਿਊਣ ਦੀ ਖਾਹਿਸ਼ ਰਖਣ ਵਾਲਾ ਜ਼ਹਿਰੀਲੀਆਂ ਚੀਜ਼ਾਂ ਨੂੰ ਛਡ ਦਿੰਦਾ ਹੈ ਉਸੇ ਤਰ੍ਹਾਂ ਮਨੁਖ ਪਾਪ ਧਰਮ ਨੂੰ ਛਡ ਦੇਵੇ ।



Digitized by Panjab Digital Library / www.panjabdigilib.org

(੨੬) ਨਾ ਆਕਾਸ਼ ਵਿਚ, ਨਾ ਸਮੁੰਦਰ ਦੀ ਤਹਿ ਵਿਚ ਤੇ ਨਾ ਪਹਾੜ ਦੀ ਗੁਫਾ ਵਿਚ ਕੋਈ ਅਜਿਹੀ ਜਗ੍ਹਾਂ ਹੈ, ਜਿਥੇ ਆਦਮੀ ਚਲਾ ਜਾਵੇ ਤੇ, ਮੌਤ ਤੋਂ ਬਚ ਜਾਵੇ। ਮੌਤ ਸਭ ਜਗ੍ਹਾਂ ਪਹੁੰਚ ਜਾਂਦੀ ਹੈ।

(੨੭) ਕਿਸੇ ਨੂੰ ਸਖ਼ਤ ਚੁਸਤ ਨਾ ਆਖੋ, ਦੂਸਰਾ ਕੋਈ ਭਾਵੇਂ ਕਹੇ, ਕਹੋਗੇ ਤਾਂ ਤੁਸੀਂ ਵੀ ਸਜ਼ਾ ਪਾਉਗੇ ਨਹੀਂ ਤਾਂ ਉਹੀ ਪਾਏਗਾ। (ਸਮਾਜ ਆਪਣੇ ਆਪ ਉਸ ਨੂੰ ਘਿਰਣਾ ਦੀ ਨਿਗ੍ਹ ਨਾਲ ਦੇਖੇਗਾ ਤੇ ਲਾਹਨਤਾਂ ਪਾਏਗਾ।

(੨੮) ਜਿਸ ਤਰ੍ਹਾਂ ਗੁਜਰ ਗਊਆਂ ਨੂੰ ਸੋਟੇ ਨਾਲ ਚਾਰਾ-ਗਾਹ ਵਿਚ ਲੈ ਜਾਂਦਾ ਹੈ ਇਸੇ ਤਰ੍ਹਾਂ ਬੁਢਾਪਾ ਤੇ ਮੌਤ ਪ੍ਰਾਣੀਆਂ ਨੂੰ ਉਮਰਾ ਵਲ ਲੈ ਜਾਂਦੇ ਹਨ।

(੨੯) ਮੂਰਖ ਆਦਮੀ ਪਹਿਲੋਂ ਪਾਪ ਕਰਦਾ ਹੋਇਆ ਨਹੀਂ ਸਮਝਦਾ ਕਿ ਮੈਂ ਪਾਪ ਕਰ ਰਿਹਾ ਹਾਂ ਫਿਰ ਜਦੋਂ ਉਦ੍ਹਾ ਫਲ ਮਿਲਦਾ ਹੈ ਤਾਂ ਸੜਦਾ ਹੈ, ਦੁਖੀ ਹੁੰਦਾ ਹੈ।

(੩੦) ਨਾ ਨੰਗੇ ਰਹਿਣ ਨਾਲ, ਨਾ ਜਟਾਜੂਟ ਧਾਰਣ ਕਰਨ ਨਾਲ਼ ਨਾ ਚਿਕੜ ਮਲ ਕੇ ਬਹਿ ਰਹਿਣ ਨਾਲ, ਨਾ ਵਰਤ ਰਖਣ ਨਾਲ ਨਾ ਕੰਢਿਆਂ ਤੇ ਸੌਣ ਨਾਲ, ਨਾ ਸਵਾਹ ਮਲ ਰਖਣ ਨਾਲ, ਨਾ ਸੂੰਗੜ ਕੇ ਬੈਠਣ ਨਾਲ ਆਦਮੀ ਦੀ ਸੁਧੀ ਹੁੰਦੀ ਹੈ ਜੇ ਉਸ ਦੀਆਂ ਵਾਸਨਾ ਤ੍ਰਿਸ਼ਨਾ ਅਜੇ ਬਾਕੀ ਹਨ।

(੩੧) ਸਭ ਕੁਝ ਸੜ ਰਿਹਾ ਹੈ, ਤੁਸਾਂ ਨੂੰ ਹਾਸਾ ਤੇ ਮੌਜ ਮੇਲਾ ਸੁਝਦਾ ਹੈ। ਹਨੇਰੇ ਵਿਚ ਘਿਰੇ ਹੋਏ ਵੀ ਆਪ ਚਾਨਣ ਦੀ ਤਲਾਸ਼ ਨਹੀਂ ਕਰਦੇ। (ਅਗਿਆਨ ਰੂਪੀ ਹਨੇਰਾ



Digitized by Panjab Digital Library | www.panjabdigilib.org

ਗਿਆਨ ਰੂਪੀ ਚਾਨਣ।

(੩੨) ਇਹ ਦੇਹ ਪੁਰਾਣਾ ਸੁਰਾਂਣਾ ਹੈ, ਰੋਗਾਂ ਦਾ ਘਰ ਹੈ, ਸਦਾ ਰਹਿਣ ਵਾਲਾ ਨਹੀਂ, ਗਲ ਸੜ ਜਾਣ ਵਾਲੀ ਹੈ। ਮੌਤ ਸਭ ਤੇ ਹਾਵੀ ਹੈ।

(੩੩) ਇਹ ਸ਼ਰੀਰ ਹੱਡੀਆਂ ਦਾ ਨਗਰ ਹੈ, ਮਾਸ ਤੇ ਲਹੂ ਨਾਲ ਲਪਿਆ ਹੋਇਆ ਹੈ, ਇਸ ਵਿਚ ਬੁਢਾਪਾ ਮੌਤ, ਹੰਕਾਰ ਤੇ ਈਰਖਾ ਲੁਕੀ ਹੋਈ ਹੈ।

(੩੪) ਅਗਿਆਨੀ ਪੁਰਖ ਬਹਿਲ ਦੀ ਤਰ੍ਹਾਂ ਵਧਦਾ ਜਾਂਦਾ ਹੈ। ਉਸ ਦਾ ਮਾਸ ਵਧਦਾ ਹੈ, ਅਕਲ ਨਹੀਂ ਵਧਦੀ ਹੈ।

(੩੫) ਜਿਨ੍ਹਾਂ ਨੇ ਬ੍ਰਹਮਚਰਜ ਦਾ ਪਾਲਣ ਨਹੀਂ ਕੀਤ ਜਿਨ੍ਹਾਂ ਨੇ ਜਵਾਨੀ ਵਿਚ ਧਨ ਨਹੀਂ ਕਮਾਇਆ (ਨੇਕੀ ਤੇ ਜਸ ਨਹੀਂ ਖਟਿਆ) ਉਹ ਮਛੀਆਂ ਤੋਂ ਖਾਲੀ ਤਲਾਉ ਦੇ ਕਿਨਾਰੇ ਬੁਢੇ ਬਗਲੇ ਦੀ ਤਰ੍ਹਾਂ ਪਏ ਰਹਿੰਦੇ ਹਨ।

(੩੬) ਜੇ ਕਰ ਪਹਿਲੇ ਖੁਦ ਉਹੋ ਕੁਝ ਕਰੇ ਜੋ ਲੋਕਾਂ ਨੂੰ ਕਹਿੰਦਾ ਹੈ ਕਰਣ ਲਈ ਤੇ ਆਪਣੇ ਤੇ ਕਾਬੂ ਪਾ ਲੈਣ ਵਾਲਾ ਮਨੁਖ ਦੂਸਿਰਆਂ ਤੇ ਵੀ ਕਾਬੂ ਪਾ ਸਕਦਾ ਹੈ ਤੇ ਆਪਣਾ ਕਿਹਾ ਉਹਨਾਂ ਤੋਂ ਮੰਨਵਾ ਸਕਦਾ ਹੈ। ਅਸਲ ਵਿਚ ਕਾਬੂ ਤਾਂ ਆਪਣੇ ਆਪ ਤੇ ਹੀ ਪਾਉਣਾ ਔਖਾ ਹੈ।

(੩੭) ਆਦਮੀ ਆਪਣਾ ਮਾਲਿਕ ਆਪ ਹੈ, ਦੂਸਰਾ ਕੌਣ ਹੋ ਸਕਦਾ ਹੈ? ਆਪਣੇ ਤੇ ਕਾਬੂ ਪਾਉਣ ਵਾਲਾ ਦੁਰਲਭ ਮਾਲਕੀ ਹਾਸਲ ਕਰਦਾ ਹੈ।

(੩੮) ਪਾਪ ਕਰਮ ਨਾ ਕਰੇ, ਗੁੰਡਾ ਨਾ ਬਣੇ, ਝੂਠੀ



Digitized by Panjab Digital Library | www.panjabdigilib.org

ਧਾਰਣਾ ਤੇ ਆਵਾਰਾਪਨ ਨੂੰ ਵਧਾਉਣ ਵਾਲਾ ਨਾ ਬਣੇ।

(੩੯) ਜੋ ਪਹਿਲੇ ਭੁਲ ਕਰ ਕੇ ਵੀ ਫਿਰ ਭੁਲ ਨਹੀਂ ਕਰਦਾ, ਉਹ ਬਦਲਾਂ 'ਚੋਂ ਨਿਕਲੇ ਚੰਦਰਮਾਂ ਦੀ ਤਰ੍ਹਾਂ ਇਸ ਦੁਨੀਆਂ ਨੂੰ ਚਾਨਣ ਦਿੰਦਾ ਹੈ।

(੪੦) ਇਹ ਦੁਨੀਆਂ ਅੰਨ੍ਹੀ ਹੈ। ਥੋੜ੍ਹੇ ਹੀ ਇਥੇ ਦੇਖਦੇ ਹਨ। ਫੰਦੇ ਚੋਂ ਨਿਕਲੇ ਪੰਛੀਆਂ ਦੀ ਤਰ੍ਹਾਂ ਥੋੜ੍ਹੇ ਲੋਕ ਹੀ ਸਵਰਗ ਨੂੰ ਜਾਂਦੇ ਹਨ।

(੪੧) ਕੰਜੂਸ ਲੋਕ ਦੇਵਲੋਕ ਵਿਚ ਨਹੀਂ ਜਾਂਦੇ। ਮੂਰਖ ਲੋਕ ਦਾਨ ਦੀ ਸ਼ਲਾਘਾ ਨਹੀਂ ਕਰਦੇ। ਧੀਰਜ ਵਾਲੇ ਆਦਮੀ ਦਾਨ ਦੀ ਤਾਰੀਫ਼ ਕਰ ਕੇ ਅਗਲੇ ਲੋਕ ਵਿਚ ਸੁਖੀ ਹੁੰਦੇ ਹਨ।

(੪੨) ਮਨੁਖਾ ਜੂਨ ਮੁਸ਼ਕਲ ਨਾਲ ਮਿਲਦੀ ਹੈ, ਮਨੁਖਾ-ਜੀਵਨ ਮੁਸ਼ਕਲ ਨਾਲ ਬਣਦਾ ਹੈ, ਸਚੇ ਧਰਮ ਦਾ ਸੁਨਣਾ ਵੀ ਮੁਸ਼ਕਲ ਨਾਲ ਹੀ ਮਿਲਦਾ ਹੈ ਤੇ ਬੁਧਾਂ ਦਾ ਜਨਮ ਵੀ ਮੁਸ਼ਕਲਾਂ ਨਾਲ ਹੀ ਹੁੰਦਾ ਹੈ।

(੪੩) ਕੋਈ ਪਾਪ ਨਾ ਕਰਨਾ, ਨੇਕ ਕੰਮ ਜ਼ਰੂਰ ਕਰਨਾ, ਦਲ ਨੂੰ ਸਾਫ਼ ਰਖਣਾ, ਇਹੋ ਬੁਧ ਦੀ ਸਿਖਿਆ ਹੈ

(੪੪) ਜੋ ਬੁਧ, ਧਰਮ ਤੇ ਸੰਘ ਦੀ ਸ਼ਰਣੀਂ ਪੈਂਦਾ ਹੈ, ਜੋ ਚਾਰੋਂ ਆਰਜ ਸਚਾਈਆਂ ਨੂੰ ਚੰਗੀ ਤਰ੍ਹਾਂ ਵਿਚਾਰ ਨਾਲ ਵੇਖਦਾ ਹੈ-(੧) ਦੁਖ, (੨) ਦੁਖੀ ਦੀ ਉਤਪਤੀ (੩) ਦੁਖ ਦਾ ਨਾਸ, (੪) ਦੁਖਾਂ ਤੋਂ ਛੁਡਾਉਣ ਵਾਲਾ *ਆਰਜ ਅਸ਼ਟਾਂਗ-ਮਾਰਗ" ਉਸ ਦਾ ਸਹਾਰਾ ਲੈਂਦਾ ਹੈ, ਉਸ ਦਾ ਕਲਿ-ਆਣ ਹੁੰਦਾ ਹੈ।



Digitized by Panjab Digital Library | www.panjabdigilib.org

(੪੫) ਭਲੇ ਲੋਕਾਂ ਦਾ ਦਰਸ਼ਨ ਕਰਨਾ ਚੰਗਾ ਹੈ,ਫਿਰ ਸੰਗ ਕਰਨਾ ਹੋਰ ਚੰਗਾ ਹੈ ਤੇ ਮੂਰਖਾਂ ਤੋਂ ਪਰੇ ਰਹਿਣਾ ਹੀ ਸੁਖਦਾਈ ਹੈ। ਉਨ੍ਹਾਂ ਦਾ ਦਰਸ਼ਨ ਤਕ ਕਰਣਾ ਠੀਕ ਨਹੀਂ ਹੈ।

(੪੬) ਮੁਹੱਬਤ ਤੋਂ ਦੁਖ ਪੈਦਾ ਹੁੰਦਾ ਹੈ, ਡਰ ਪੈਂਦਾ ਹੈ। ਜੋ ਮੁਹੱਬਤ ਵਿਚ ਨਹੀਂ ਫਸਦਾ, ਉਸ ਨੂੰ ਨਾ ਕਦੇਅਫਸੋਸ ਹੁੰਦਾ ਹੈ, ਨਾ ਡਰ।

(੪੭) ਗੁਸੇ ਨਾਲ ਵੀ ਦੁਖ ਪੈਦਾ ਹੁੰਦਾ ਹੈ। ਨਾਲੇ ਡਰ ਪੈਦਾ ਹੁੰਦਾ ਹੈ। ਜੋ ਗੁਸੇ ਤੋਂ ਖਾਲੀ ਹੈ, ਉਸ ਨੂੰ ਨਾ ਕਦੇ ਅਫ਼ਸੋਸ ਪੈਦਾ ਹੁੰਦਾ ਹੈ, ਨਾ ਡਰ।

(੪੮) ਕਾਮ ਵਾਸਨਾ ਦਾ ਵੀ ਇਹੋ ਹਾਲ ਹੈ। ਪੂਰੀ ਨਾ ਹੋਵੇ ਤਾਂ ਦੁਖ, ਹੋਵੇ ਤਾਂ ਡਰ ਤੇ ਜੇ ਇਹ ਹੋਵੇ ਹੀ ਨਾ ਦਿਲ ਵਿਚ, ਤਾਂ ਨਾ ਦੁਖ ਨਾ ਸ਼ੋਕ, ਨਾ ਡਰ, ਨਾ ਖੌਫ।

(੪੯) ਤ੍ਰਿਸ਼ਨਾ ਲਈ ਵੀ ਇਹੋ ਠੀਕ ਹੈ, ਹੋਵੇ ਤਾਂ ਦੁਖ ਦਰਦ ਪੈਦਾ ਕਰਦੀ ਹੈ, ਨਾ ਹੋਵੇ ਤਾਂ ਸੁਖ ਸ਼ਾਂਤੀ ਤੇ ਬੇ-ਫ਼ਿਕਰੀ ਰਹਿੰਦੀ ਹੈ।

(੫੦) ਜੋ ਆਏ ਗੁਸੇ ਨੂੰ ਉਸੇ ਤਰ੍ਹਾਂ ਰੋਕ ਲਵੇ ਜਿਸ ਤਰ੍ਹਾਂ ਕਿ ਕੋਈ ਕੁਰਾਹੇ ਪਈ ਰਥ ਨੂੰ ਰੋਕ ਲੈਂਦਾ ਹੈ, ਮੈਂ ਉਸ ਨੂੰ ਅਸਲੀ ਗਾਡੀਵਾਨ ਕਹਿੰਦਾ ਹਾਂ, ਦੂਸਰਿਆਂ ਨੂੰ ਤਾਂ ਕੇਵਲ ਰੱਸੀ ਪਕੜਣ ਵਾਲੇ ਹੀ ਕਿਹਾ ਜਾ ਸਕਦਾ ਹੈ।

(੫੧) ਗੁਸੇ ਨੂੰ ਸ਼ਾਂਤੀ ਨਾਲ, ਬੁਰਾਈ ਨੂੰ ਭਲਾਈ



Digitized by Panjab Digital Library | www.panjabdigilib.org

ਨਾਲ, ਕੰਜੂਸ ਪੁਨੇ ਨੂੰ ਦਾਨ ਨਾਲ ਤੇ ਝੂਠ ਨੂੰ ਸਚ ਨਾਲ ਜਿਤੇ ।

(੫੨) ਚੁਪ ਬੈਠੇ ਰਹਿਣ ਵਾਲੇ ਦੀ ਨਿੰਦਿਆਂ ਹੁੰਦੀ ਹੈ, ਬਹੁਤ ਬੋਲਣ ਵਾਲੇ ਦੀ ਵੀ ਨਿੰਦਿਆਂ ਹੁੰਦੀ ਹੈ, ਘਟ ਬੋਲਣ ਵਾਲੇ ਦੀ ਵੀ ਨਿੰਦਿਆ ਹੁੰਦੀ ਹੈ, ਦੁਨੀਆਂ ਵਿਚ ਅਜਿਹਾ ਕੋਈ ਨਹੀਂ ਜਿਸ ਦੀ ਨਿੰਦਿਆ ਨਾ ਹੋਵੇ ।

(੫੩) ਅਜਿਹਾ ਅਦ ਮੀ ਜਿਸ ਦੀ ਤਾਰੀਫ ਹੀ ਤਾਰੀਫ ਹੁੰਦੀ ਹੋਵੇ ਜਾਂ ਨਿੰਦਿਆਂ ਹੀ ਨਿੰਦਿਆਂ ਹੁੰਦੀ ਹੋਵੇ, ਨਾ ਹੈ ਨਾ ਹੋਵੇਗਾ ।

(੫੪) ਜਿਸ ਤਰ੍ਹਾਂ ਸੁਨਾਰ ਚਾਂਦੀ ਦੇ ਖੋਟ ਨੂੰ ਦੂਰ ਕਰਦਾ ਹੈ, ਉਸੇ ਤਰ੍ਹਾਂ ਅਕਲਵੰਦ ਆਦਮੀ ਹੌਲੀ ਹੌਲੀ ਕਰ ਕੇ ਆਪਣੇ ਦੋਸ਼ ਦੂਰ ਕਰੇ ।

(੫੫) ਜੋ ਹਿੰਸਾ ਕਰਦਾ ਹੈ, ਝੂਠ ਬੋਲਦਾ ਹੈ, ਚੋਰੀ ਕਰਦਾ ਹੈ, ਪ੍ਰਾਈ ਔਰਤ ਕੋਲ ਜਾਂਦਾ ਹੈ, ਸ਼ਰਾਬ ਪੀਂਦਾ ਹੈ, ਉਹ ਆਦਮੀ ਇਸੇ ਲੋਕ ਵਿਚ ਆਪਣੀ ਜੜ ਪੁਟਦਾ ਹੈ ।

(੫੬) ਦੂਸਰਿਆਂ ਦੇ ਦੋਸ਼ ਦੇਖਣਾਂ ਆਸਾਨ ਹੈ, ਆਪਣੇ ਦੋਸ਼ ਦੇਖਣਾ ਮੁਸ਼ਕਲ ਹੈ । ਆਦਮੀ ਦੂਸਰੇ ਦੇ ਦੋਸ਼ ਨੂੰ ਤਾਂ ਭੋਅ ਦੀ ਤਰ੍ਹਾਂ ਉਡਾਉਂਦਾ ਹੈ ਪਰ ਆਪਣੇ ਐਬਾਂ ਨੂੰ ਇਸ ਤਰ੍ਹਾਂ ਲੁਕਾ ਕੇ ਰਖਦਾ ਹੈ, ਜਿਸ ਤਰ੍ਹਾਂ ਬੇਈਮਾਨ ਜੁਆਰੀਆ ਪਾਸੇ ਨੂੰ ਰਖਦਾ ਹੈ ।

(੫੭) ਸਿਰ ਦੇ ਵਾਲ ਪਕ ਜਾਣ ਮਾਤਰ ਨਾਲ ਹੀ ਕੋਈ ਬਜ਼ੁਰਗ ਨਹੀਂ ਬਣ ਜਾਂਦਾ, ਉਸ ਦੀ ਉਮਰ ਪਕ ਗਈ ਹੈ, ਉਹ ਐਵੇਂ ਹੀ ਬੁਢਾ ਹੋਇਆ ਹੈ ।



Digitized by Panjab Digital Library | www.panjabdigilib.org

(੫੮) ਬਜ਼ੁਰਗੀ ਲਈ ਜ਼ਰੂਰੀ ਹੈ। ਸਤਿ,ਧਰਮ ਅਹਿੰਸਾ ਸੰਜ਼ਮ ਤੇ ਆਪਣੇ ਤੇ ਕਾਬੂ ਹਵੇ। ਕੋਈ ਦੋਸ਼ ਨਾ ਹੋਵੇ।

(੫੯) ਜੋ ਪੁੰਨ ਪਾਪ ਤੋਂ ਪਰੇ ਚਲਾ ਗਿਆ ਹੈ, ਜੋ ਬ੍ਰਹਮਚਾਰੀ ਹੈ, ਜੋ ਗਿਆਨਵਾਨ ਹੋ ਕੇ ਦੁਨੀਆਂ ਵਿਚ ਫਿਰਦਾ ਹੈ, ਉਹ ਸਾਧੂ ਹੈ।

(੬੦) ਰਸਤਿਆਂ 'ਚੋਂ ਅੱਠਮਗ (ਅਸ਼ਟਾਂਗ ਮਾਰਗ) ਸ਼੍ਰੇਸ਼ਟ ਹੈ, ਸਚਾਈਆਂ ਵਿਚ ਚਾਰ ਆਰਜ ਸਚਾਈਆਂ ਸ਼੍ਰੇਸ਼ਟ ਹਨ ਤੇ ਮਨੁਖਾਂ ਵਿਚ ਬੁਧ ਸ਼੍ਰੇਸ਼ਟ ਹਨ।

(੬੧) ਜੋ ਬਾਣੀ ਦੀ ਰਖਿਆ ਕਰਦਾ ਹੈ, ਦਿਲੋਂ ਹੀ ਸੰਜਮੀ ਹੈ, ਸ਼ਰੀਰ ਦਵਾਰਾ ਪਾਪ ਕਰਮ ਨਹੀਂ ਕਰਦਾ, ਜੋ ਇਹਨਾਂ ਤਿੰਨਾਂ ਕਰਮ ਇੰਦ੍ਰਿਆਂ ਨੂੰ ਸੁਧ ਰਖਦਾ ਹੈ, ਉਹੋ ਬੁਧ ਦੇ ਦਸੇ ਰਾਹ ਤੇ ਧਰਮ ਦਾ ਸੇਵਨ ਕਰ ਸਕਦਾ ਹੈ।

(੬੨) ਦੂਸਰੇ ਨੂੰ ਦੁਖ ਦੇ ਕੇ ਜੋ ਆਪਣੇ ਲਈ ਸੁਖ ਚਾਹੁੰਦਾ ਹੈ, ਵੈਰ ਵਿਚ ਫਸਿਆ ਹੋਇਆ ਉਹ ਵੈਰ ਤੋਂ ਛੁਟ ਨਹੀਂ ਸਕਦਾ।

(੬੩) ਦੁਰਾਚਾਰੀ ਬਣ ਕੇ, ਆਪਣੇ ਤੇ ਕਾਬੂ ਨਾ ਪਾ ਕੇ ਦੇਸ਼ ਦਾ ਅੰਨ ਖਾਣਾ ਵੀ ਅੱਗ ਵਿਚ ਲ਼ਾਲ ਹੋਇਆ ਗੋਲ਼ਾ ਖਾਣ ਵਰਗਾ ਹੈ।

(੬੪) ਜੇ ਕਿਸੇ ਕੰਮ ਨੂੰ ਕਰਨਾ ਹੋਵੇ ਤਾਂ ਕਰੇ, ਉਸ ਵਿਚ ਮਜਬੂਤੀ ਨਾਲ ਜੁਟ ਜਾਵੇ। ਢਿਲਮਿਨ ਸੰਨਿਆਸੀ ਬਹੁਤੀ ਖੇਹ ਉਡਾਉਂਦਾ ਹੈ।

(੬੫) ਜਿਸ ਕੰਮ ਵਿਚ ਸ਼ਰਮ ਨਹੀਂ ਕਰਨੀ ਚਾਹੀਦੀ ਕਰਦੇ, ਹਨ ਤੇ ਜਿਸ ਵਿਚ ਕਰਨੀ ਚਾਹੀਦੀ ਹੈ, ਨਹੀਂ ਕਰਦੇ



Digitized by Panjab Digital Library | www.panjabdigilib.org

ਅਜਿਹੇ ਮੂਰਖ ਬੁਧੀ ਵਾਲੇ ਲੋਕ ਹੀ ਦੁਰਗਤੀ ਕਰ ਉਂਦੇ ਹਨ।

(੬੬) ਜਿਸ ਤਰ੍ਹਾਂ ਜੰਗ ਵਿਚ ਹਾਥੀ ਧਨਖ ਚੋਂ ਨਿਕਲ ਕੇ ਆਏ ਤੀਰ ਨੂੰ ਸਹਾਰਦਾ ਹੈ, ਇਸੇ ਤਰ੍ਹਾਂ ਮੈਂ (ਬੁਧ) ਕੌੜੀਆਂ ਗਲਾਂ ਸਹਾਰਾਂਗਾ ਕਿਉਂਕਿ ਦੁਨੀਆਂ ਵਿਚ ਭੈੜ ਆਦਮੀ ਬਹੁਤ ਹਨ।

(੬੭) ਜੋ ਆਦਮੀ ਆਲਸੀ ਹੈ ਬਹੁਤ ਖਾਣ ਵਾਲਾ, ਬਹੁਤ ਸੌਣ ਵਾਲਾ ਪਾਸੇ ਪਰਤ ਪਰਤ ਕੇ ਸੌਣ ਵਾਲਾ ਹੈ ਉਸ ਦਾਣਾ ਖਾ ਕੇ ਪਲੇ ਹੋਏ ਮੋਟੇ ਸੂਰ ਵਰਗਾ ਹੁੰਦਾ ਹੈ, ਉਹ ਬਾਰ ਬਾਰ ਨਰਕ ਵਿਚ ਪੈਂਦਾ ਹੈ।

(੬੮) ਜਾਗਦੇ ਰਹਵੋ ਆਪਣੇ ਨੂੰ ਸੰਭਾਲ ਕੇ ਰਖੋ ਚਿਕੜ ਵਿਚ ਫਸੇ ਹੋਏ ਹਾਥੀ ਵਾਂਗੂੰ ਆਪਣੇ ਆਪ ਨੂੰ ਰਾਗ ਦਵੇਸ਼ ਦੇ ਚਿਕੜ ਵਿਚੋਂ ਕਢੋ।

(੬੯) ਇਕਲੇ ਰਹਿਣਾ ਚੰਗਾ ਹੈ ਪਰ ਮੂਰਖ ਦੀ ਦੋਸਤੀ ਚੰਗੀ ਨਹੀਂ। ਬੇ-ਪਰਵਾਹ ਮਤੰਗਰਾਜ ਹਾਥੀ ਦੀ ਤਰ੍ਹਾਂ ਇਕਲਾ ਫਿਰੇ, ਪਾਪ ਨਾ ਕਰੇ।

(੭੦) ਪ੍ਰਮਾਦੀ ਮਨੁਖ ਦੀ ਤ੍ਰਿਸ਼ਨਾ ਵੇਲ ਦੀ ਤਰ੍ਹਾਂ ਵਧਦੀ ਹੈ। ਫਲ ਦੀ ਖਾਹਿਸ਼ ਕਰਦਾ ਹੋਇਆ ਉਹ ਜੰਗਲ ਵਿਚ ਬਾਂਦਰ ਦੀ ਤਰ੍ਹਾਂ ਨਿਤ ਭਟਕਦਾ ਹੈ।

(੭੧) ਜਿਸ ਤਰ੍ਹਾਂ ਜਦ ਤਕ ਜੜ੍ਹ ਪੂਰੀ ਤਰ੍ਹਾਂ ਨਹੀਂ ਉਖੜ ਜਾਂਦੀ ਤਦ ਤਕ ਕਟਿਆ ਹੋਇਆ ਵੀ ਦਰਖ਼ਤ ਫਿਰ ਉਗ ਪੈਂਦਾ ਹੈ, ਉਸੇ ਤਰ੍ਹਾਂ ਜਦ ਤਕ ਤ੍ਰਿਸ਼ਨਾ ਰੂਪੀ ਅੱਗ ਪੂਰੀ ਤਰ੍ਹਾਂ ਬੁਝ ਨਹੀਂ ਜਾਂਦੀ ਤਦ ਤਕ ਬਾਰ ਬਾਰ ਦੁਖ ਪੈਦਾ ਹੁੰਦਾ ਹੈ, ਕਿਉਂਕਿ ਤ੍ਰਿਸ਼ਨਾ ਹੋਈ ਜੁ ਦੁਖਾਂ ਦੀ ਘਰ।



Digitized by Panjab Digital Library | www.panjabdigilib.org

(੧੨) ਜਿਸ ਦੇ ਮਨ ਵਿਚ ਬਹੁਤ ਸੰਕਲਪ ਵਿਕਲਪ (ਇਹ ਕਰਨਾ ਹੈ, ਨਹੀਂ ਤਾਂ ਇਹ ਕਰਨਾ ਹੈ, ਇਹ ਹੋ ਜਾਵੇ) ਉਠਦੇ ਰਹਿੰਦੇ ਹਨ, ਜਿਸ ਦੇ ਮਨ ਵਿਚ ਜਬਰਦਸਤ ਮੋਹ ਹੈ, ਜ ਮੌਜ ਹੀ ਮੌਜ ਵੇਖਦਾ ਹੈ, ਉਸ ਦੀਆਂ ਖਾਹਿਸ਼ਾਂ ਵਧਦੀਆਂ ਹਨ ਤੇ ਉਹ ਆਪਣੇ ਬੰਧਨ ਨੂੰ ਹੋਰ ਮਜਬੂਤ ਬਣਾਉਂਦਾ ਹੈ ।

(੧੩) ਜਿਸ ਦੇ ਸ਼ਰੀਰ ਬਾਣੀ ਤੇ ਮਨ ਤੋਂ ਕੋਈ ਪਾਪ ਨਹੀਂ, ਜੋ ਇਹਨਾਂ ਤਿੰਨਾਂ ਸਥਾਨਾਂ ਤੇ ਕਾਬਜ ਹੈ, ਉਸ ਨੂੰ ਮੈਂ ਬ੍ਰਾਹਮਣ ਆਖਦਾ ਹੈ ।

(੧੪) ਨਾ ਜਟਾ ਤੋਂ, ਨਾ ਗੋਤਰ ਤੋਂ ਨਾ ਜਨਮ ਤੋਂ ਬ੍ਰਾਹਮਣ ਹੁੰਦਾ ਹੈ। ਜਿਸ ਵਿਚ ਸਚਾਈ, ਤੇ ਧਰਮ ਭਾਵ ਹੈ ਉਹ ਮਨੁਖ ਪਵਿਤਰ ਹੈ ਉਹੀ ਬ੍ਰਾਹਮਣ ਹੈ ।

(੧੫) ਮੈਂ ਬ੍ਰਾਹਮਣੀ ਮਾਂ ਦੇ ਪੇਟੋਂ ਪੈਦਾ ਹੋਣ ਦੇ ਕਾਰਣ ਕਿਸੇ ਨੂੰ ਬ੍ਰਾਹਮਣ ਨਹੀਂ ਆਖਦਾ। ਜੇ ਉਹ ਧਨਵਾਨ ਹੁੰਦਾ ਤਾਂ ਮੈਂ ਉਸ ਨੂੰ "ਅਖ਼ਦਾ ਇਸ ਦੇ ਪਾਸ ਕੁਝ ਨਹੀਂ ਹੈ ਤੇ ਜੋ ਕੁਝ ਨਹੀਂ ਲੈਂਦਾ ਉਸ ਨੂੰ ਮੈਂ ਬ੍ਰਾਹਮਣ ਕਹਿੰਦਾ ਹਾਂ ।

(੧੬) ਜੋ ਪਿਛਲੇ ਜਨਮ ਨੂੰ ਜਾਣਦਾ ਹੈ, ਜੋ ਸਵਰਗ ਨਰਕ ਨੂੰ ਵੇਖਦਾ ਹੈ, ਜਿਸ ਦਾ ਫਿਰ ਜਨਮ ਖ਼ਤਮ ਹੋ ਗਿਆ ਹੈ ਜੋ ਵਿਦਵਾਨ ਹੈ ਜਿਸ ਨੇ ਨਿਰਵਾਣ ਪਰਾਪਤ ਕਰ ਲੀਤਾ ਹੈ ਉਸ ਨੂੰ ਮੈਂ ਬ੍ਰਾਹਮਣ ਆਖਦਾ ਹਾਂ।



Digitized by Panjab Digital Library | www.panjabdigilib.org

# ਸਾਡੀਆ ਹੋਰ ਪੁਸਤਕਾਂ

| | | |
|---|---|---|
| **ਕਹਾਣੀ—** | | |
| ਰਿਸ਼ਮਾਂ | ਮੁਬਾਰਕ ਸਿੰਘ | ੩—੦—੦ |
| ਕੌੜੇ ਘੁਟ | ਸੁਰਜੀਤ ਸਿੰਘ ਸੇਠੀ | ੨—੦—੦ |
| ਮਹੀਂਵਾਲ | ,, | ੨—੦—੦ |
| **ਨਾਵਲ—** | | |
| ਜਨਤਾ ਜਾਗੀ | ਸੁਰਜੀਤ ਸਿੰਘ ਸੇਠੀ | ੧—੮—੦ |
| ਇਕ ਸ਼ਹਿਰ ਦੀ ਗਲ | ,, | ੩—੦—੦ |
| ਰਾਜ ਕੁਮਾਰੀ | ਕੁਲਦੀਪ ਸਿੰਘ | ੧—੧—੦ |
| **ਨਾਟਕ—** | | |
| ਕਲਾ ਤੇ ਜ਼ਿੰਦਗੀ | ਗੁਰਦਿਆਲ ਸਿੰਘ ਫੁਲ | ੨—੦—੦ |
| ਪਰਦੇ ਪਿਛੇ | ਸੁਰਜੀਤ ਸਿੰਘ ਸੇਠੀ | ੧—੪—੦ |
| **ਆਮ ਵਾਕਫ਼ੀ—** | | |
| ਨਵਾਂ ਜੀਵਨ | ਮੁਬਾਰਕ ਸਿੰਘ ਐਮ. ਏ. | ੨—੦—੦ |
| ਸਾਡਾ ਰਾਜ ਪ੍ਰਬੰਧ | ਕੁਲਦੀਪ ਸਿੰਘ | ੦-੧੨-੦ |
| ਮਹਾਰਾਜਾ ਰਣਜੀਤ ਸਿੰਘ | ,, | ੧—੪—੦ |
| ਮੀਰਾਂ ਬਾਈ | ,, | ੧—੮—੦ |
| ਨੇਤਾ ਜੀ | ਸੁਰਜੀਤ ਸਿੰਘ ਸੇਠੀ | ੧—੮—੦ |
| ਮਹਾਤਮਾ ਬੁਧ | ਗੁਰਾਂ ਦਿਤਾ ਖੰਨਾ | ੧—੮—੦ |
| **ਬਚਿਆਂ ਲਈ—** | | |
| ਵਾਰਸ ਸ਼ਾਹ (ਜੀਵਨ-ਕਵਿਤਾ ਵਿਚ) | ਸੁਰਜੀਤ ਸਿੰਘ ਸੇਠੀ | ੦—੮—੦ |
| ਨਿਕਾ ਜਿਹਾ ਨਾਵਲ | ,, | ੦—੮—੦ |
| ਨਿਕੇ ਨਿਕੇ ਨਾਟਕ | ,, | ੦—੮—੦ |
| ਮਹਾਤਮਾ ਗਾਂਧੀ (ਜੀਵਨੀ) | ਕੁਲਦੀਪ ਸਿੰਘ | ੦-੧੨-੦ |
| ਬਾਲ ਕਹਾਣੀਆਂ | ,, | ੦-੧੨-੦ |

**ਕੁਲਦੀਪ ਪ੍ਰੈਸ**

ਕਚਹਿਰੀ ਰੋਡ ਅੰਮ੍ਰਿਤਸਰ

Digitized by Panjab Digital Library / www.panjabdigilib.org

੩-੦-੦
੨-੦-੦
੨-੦-੦
੧-੮-੦
੩-੦-੦
੧-੧-੦
੨-੦-੦
੧-੪-੦
੨-੦-੦
੦-੧੨-੦
੧-੪-੦
੧-੮-੦
੧-੮-੦
੧-੮-੦
੦-੮-੦
੦-੮-੦
੦-੮-੦
੦-੧੨-੦
੦-੧੨-੦

Digitized by Panjab Digital Library / www.panjabdigilib.org

Digitized by Panjab Digital Library | www.panjabdigilib.org

B-4073

Digitized by Panjab Digital Library | www.panjabdigilib.org

# ਸਾਡੀਆ ਹੋਰ ਪੁਸਤਕਾਂ

| | | |
|---|---|---|
| **ਕਹਾਣੀ–** | | |
| ਰਿਸ਼ਮਾਂ | ਮੁਬਾਰਕ ਸਿੰਘ | ੩–੦–੦ |
| ਕੌੜੇ ਘੁਟ | ਸੁਰਜੀਤ ਸਿੰਘ ਸੇਠੀ | ੨–੭–੦ |
| ਮਹੀਂਵਾਲ | ,, | ੨–੦–੦ |
| **ਨਾਵਲ–** | | |
| ਜਨਤਾ ਜਾਗੀ | ਸੁਰਜੀਤ ਸਿੰਘ ਸੇਠੀ | ੧–੮–੦ |
| ਇਕ ਸ਼ਹਿਰ ਦੀ ਗਲ | ,, | ੩–੦–੦ |
| ਰਾਜ ਕੁਮਾਰੀ | ਕੁਲਦੀਪ ਸਿੰਘ | ੧–੧–੦ |
| **ਨਾਟਕ–** | | |
| ਕਲਾ ਤੇ ਜ਼ਿੰਦਗੀ | ਗੁਰਦਿਆਲ ਸਿੰਘ ਫੁਲ | ੨–੦–੦ |
| ਪਰਦੇ ਪਿਛੇ | ਸੁਰਜੀਤ ਸਿੰਘ ਸੇਠੀ | ੧–੪–੦ |
| **ਆਮ ਵਾਕਫ਼ੀ–** | | |
| ਨਵਾਂ ਜੀਵਨ | ਮੁਬਾਰਕ ਸਿੰਘ ਐਮ. ਏ. | ੨–੦–੦ |
| ਸਾਡਾ ਰਾਜ ਪ੍ਰਬੰਧ | ਕੁਲਦੀਪ ਸਿੰਘ | ੦-੧੨-੦ |
| ਮਹਾਰਾਜਾ ਰਣਜੀਤ ਸਿੰਘ | ,, | ੧–੪–੦ |
| ਮੀਰਾਂ ਬਾਈ | ,, | ੧–੮–੦ |
| ਨੇਤਾ ਜੀ | ਸੁਰਜੀਤ ਸਿੰਘ ਸੇਠੀ | ੧–੮–੦ |
| ਮਹਾਤਮਾ ਬੁਧ | ਗੁਰਾਂ ਦਿਤਾ ਖੰਨਾ | ੧–੮–੦ |
| **ਬਚਿਆਂ ਲਈ–** | | |
| ਵਾਰਸ ਸ਼ਾਹ (ਜੀਵਨ-ਕਵਿਤਾ ਵਿਚ) | ਸੁਰਜੀਤ ਸਿੰਘ ਸੇਠੀ | ੦–੮–੦ |
| ਨਿਕਾ ਜਿਹਾ ਨਾਵਲ | ,, | ੦–੮–੦ |
| ਨਿਕੇ ਨਿਕੇ ਨਾਟਕ | ,, | ੦–੮–੦ |
| ਮਹਾਤਮਾ ਗਾਂਧੀ (ਜੀਵਨੀ) | ਕੁਲਦੀਪ ਸਿੰਘ | ੦-੧੨-੦ |
| ਬਾਲ ਕਹਾਣੀਆਂ | ,, | ੦-੧੨-੦ |

**ਕੁਲਦੀਪ ਪ੍ਰੈਸ**

ਕਚਹਿਰੀ ਰੋਡ ਅੰਮ੍ਰਿਤਸਰ

Digitized by Panjab Digital Library | www.panjabdigilib.org